Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 33 04/06/2025 www.samajweekly.com samajweekly @samajweekly samajweekly

# ਪੰਜਾਬ ਦਾ ਦਿਲ ਟੁੱਟਿਆ, ਆਰਸੀਬੀ ਨੇ ਮੇਲਾ ਲੁੱਟਿਆ

## ਆਈਪੀਐੱਲ ਫਾਈਨਲ ’ਚ ਪੰਜਾਬ ਦਾ ਸੁਫ਼ਨਾ ਚਕਨਾਚੂਰ

**ਅਹਿਮਦਾਬਾਦ।** ਇੱਥੋਂ ਦੇ ਨਰਿੰਦਰ ਮੋਦੀ ਸਟੇਡੀਅਮ ਵਿੱਚ ਅੱਜ ਇੰਡੀਅਨ ਪ੍ਰੀਮੀਅਰ ਲੀਗ 2025 ਦੇ ਫਾਈਨਲ ਮੁਕਾਬਲੇ ਵਿੱਚ ਰੌਇਲ ਚੈਲੇਂਜਰਜ਼ ਬੰਗਲੂਰੂ (ਆਰਸੀਬੀ) ਦੀ ਟੀਮ ਨੇ ਪੰਜਾਬ ਕਿੰਗਜ਼ ਨੂੰ ਛੇ ਦੌੜਾਂ ਨਾਲ ਹਰਾ ਕੇ ਪਹਿਲੀ ਵਾਰ ਖਿਤਾਬ ਜਿੱਤ ਲਿਆ ਹੈ। ਮੈਚ ਜਿੱਤਣ ਮਗਰੋਂ ਵਿਰਾਟ ਕੋਹਲੀ ਆਪਣੇ ਖ਼ੁਸ਼ੀ ਦੇ ਹੰਝੂ ਨਹੀਂ ਰੋਕ ਸਕਿਆ। ਬੰਗਲੂਰੂ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਨੌਂ ਵਿਕਟਾਂ ’ਤੇ 190 ਦੌੜਾਂ ਬਣਾਈਆਂ ਸਨ ਪਰ ਜਵਾਬ ਵਿੱਚ ਪੰਜਾਬ ਦੀ ਟੀਮ 7 ਵਿਕਟਾਂ ’ਤੇ 184 ਦੌੜਾਂ ਹੀ ਬਣਾ ਸਕੀ। ਪੰਜਾਬ ਦੀ ਟੀਮ 11 ਸਾਲਾਂ ਬਾਅਦ ਆਈਪੀਐੱਲ ਦੇ ਫਾਈਨਲ ਵਿੱਚ ਪਹੁੰਚੀ ਸੀ, ਜਦਕਿ ਬੰਗਲੂਰੂ ਦਾ ਇਹ ਚੌਥਾ ਫਾਈਨਲ ਸੀ। 18ਵੇਂ ਸੀਜ਼ਨ ਵਿੱਚ ਆਈਪੀਐੱਲ ਨੂੰ ਅੱਠਵਾਂ ਚੈਂਪੀਅਨ ਮਿਲਿਆ ਹੈ। ਇਸ ਤੋਂ ਪਹਿਲਾਂ ਚੇਨੱਈ ਸੁਪਰਕਿੰਗਜ਼ ਅਤੇ ਮੁੰਬਈ ਇੰਡੀਅਨਜ਼ ਪੰਜ-ਪੰਜ, ਕੋਲਕਾਤਾ ਨਾਈਟ ਰਾਈਡਰਜ਼ ਤਿੰਨ, ਜਦਕਿ ਰਾਜਸਥਾਨ ਰੌਇਲਜ਼, ਡੈਕਨ ਚਾਰ-ਜਰਜ਼, ਸਨਰਾਈਜ਼ਰਜ਼ ਹੈਦਰਾਬਾਦ ਅਤੇ ਗੁਜਰਾਤ ਟਾਈਟਨਜ਼ ਦੀਆਂ ਟੀਮਾਂ ਇੱਕ-ਇੱਕ ਵਾਰ ਖਿਤਾਬ ਜਿੱਤ ਚੁੱਕੀਆਂ ਹਨ।

ਪੰਜਾਬ ਲਈ ਸ਼ਸ਼ਾਂਕ ਸਿੰਘ ਨੇ ਸਭ ਤੋਂ ਵੱਧ ਨਾਬਾਦ 61 ਦੌੜਾਂ ਬਣਾਈਆਂ। ਇਸ ਤੋਂ ਇਲਾਵਾ ਜੋਸ਼ ਇੰਗਲਿਸ ਨੇ 39, ਪ੍ਰਭਸਿਮਰਨ ਸਿੰਘ ਨੇ 26 ਅਤੇ ਪ੍ਰਿਯਾਂਸ਼ ਆਰੀਆ ਨੇ 24 ਦੌੜਾਂ ਦਾ ਯੋਗਦਾਨ ਪਾਇਆ। ਬੰਗਲੂਰੂ ਲਈ ਭੁਵਨੇਸ਼ਵਰ ਕੁਮਾਰ ਅਤੇ ਕਰੁਣਾਲ ਪਾਂਡਿਆ ਨੇ ਦੋ-ਦੋ, ਜਦਕਿ ਯਸ਼ ਦਿਆਲ, ਜੋਸ਼ ਹੇਜ਼ਲਵੁੱਡ ਅਤੇ ਰੋਮਾਰੀਓ ਸ਼ੈਫਰਡ ਨੇ ਇੱਕ-ਇੱਕ ਵਿਕਟ ਲਈ। ਇਸ ਤੋਂ ਪਹਿਲਾਂ ਬੰਗਲੂਰੂ ਨੇ ਪੰਜਾਬ ਦੀ ਟੀਮ ਨੂੰ ਜਿੱਤ ਲਈ 191 ਦੌੜਾਂ ਦਾ ਟੀਚਾ ਦਿੱਤਾ ਸੀ। ਬੰਗਲੂਰੂ ਦੀ ਟੀਮ ਨੇ ਪੰਜਾਬ ਵੱਲੋਂ ਪਹਿਲਾਂ ਬੱਲੇਬਾਜ਼ੀ ਕਰਨ ਦੇ ਮਿਲੇ ਸੱਦੇ ’ਤੇ ਨਿਰਧਾਰਿਤ 20 ਓਵਰਾਂ ਵਿਚ 9 ਵਿਕਟਾਂ ਦੇ ਨੁਕਸਾਨ ਨਾਲ 190 ਦੌੜਾਂ ਬਣਾਈਆਂ। ਬੰਗਲੂਰੂ ਦੀ ਟੀਮ ਲਈ ਵਿਰਾਟ ਕੋਹਲੀ ਨੇ 43, ਕਪਤਾਨ ਰਜਤ ਪਾਟੀਦਾਰ ਨੇ 26, ਲਿਆਮ ਲਿਵਿੰਗਸਟੋਨ 25, ਮਯੰਕ ਅਗਰਵਾਲ ਤੇ ਜਿਤੇਸ਼ ਸ਼ਰਮਾ ਨੇ 24-24 ਦੌੜਾਂ ਦਾ ਯੋਗਦਾਨ ਪਾਇਆ। ਪੰਜਾਬ ਲਈ ਤੇਜ਼ ਗੇਂਦਬਾਜ਼ ਅਰਸ਼ਦੀਪ ਸਿੰਘ ਨੇ ਆਖਰੀ ਓਵਰ ਵਿਚ ਤਿੰਨ ਵਿਕਟਾਂ ਲਈਆਂ।



# ਆਪ ਸਰਕਾਰ ਵੱਲੋਂ ਇਤਿਹਾਸਕ ਫੈਸਲਾ, ਅਨੁਸੂਚਿਤ ਜਾਤੀ ਭਾਈਚਾਰੇ ਦੇ ਪਰਿਵਾਰਾਂ ਨੂੰ ਵੱਡੀ ਰਾਹਤ

## 67.84 ਕਰੋੜ ਰੁਪਏ ਦੇ ਕਰਜ਼ੇ ਮੁਆਫ਼ ਕੀਤੇ, 4800 ਪਰਿਵਾਰਾਂ ਨੂੰ ਮਿਲਿਆ ਲਾਭ

**ਚੰਡੀਗੜ੍ਹ।** ਸੂਬੇ ਵਿੱਚ ਅਨੁਸੂਚਿਤ ਜਾਤੀ (ਐਸ.ਸੀ.) ਭਾਈਚਾਰੇ ਨੂੰ ਵੱਡੀ ਰਾਹਤ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਨੇ ਅੱਜ 67.84 ਕਰੋੜ ਰੁਪਏ ਦੀ ਕਰਜ਼ਾ ਮੁਆਫ਼ੀ ਨੂੰ ਮਨਜ਼ੂਰੀ ਦਿੱਤੀ ਜਿਸ ਨਾਲ ਤਕਰੀਬਨ 4,800 ਪਰਿਵਾਰਾਂ ਨੂੰ ਲਾਭ ਪਹੁੰਚਿਆ। ਇਸ ਬਾਰੇ ਫੈਸਲਾ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਉਨ੍ਹਾਂ ਦੀ ਸਰਕਾਰੀ ਰਿਹਾਇਸ਼ 'ਤੇ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ। ਅੱਜ ਇੱਥੇ ਇਹ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਦਫ਼ਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਮੰਤਰੀ ਮੰਡਲ ਨੇ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਤੇ ਵਿੱਤ ਨਿਗਮ (ਪੀ.ਐਸ.ਸੀ.ਐਫ.ਸੀ.) ਦੇ ਕਰਜ਼ਦਾਰਾਂ ਲਈ 31 ਮਾਰਚ, 2020 ਤੱਕ ਵੰਡੇ ਗਏ ਕਰਜ਼ੇ ਮੁਆਫ਼ ਕਰਨ ਲਈ ਕਾਰਜ-ਬਾਅਦ ਪ੍ਰਵਾਨਗੀ ਦੇ ਦਿੱਤੀ ਹੈ। ਇਹ ਮੁਆਫ਼ੀ ਪੀ.ਐਸ.ਸੀ.ਐਫ.ਸੀ. ਦੁਆਰਾ ਉਪਰੋਕਤ ਮਿਤੀ ਤੱਕ ਵੰਡੇ ਗਏ ਸਾਰੇ ਕਰਜ਼ਿਆਂ ਲਈ ਹੈ ਜਿਸ ਨਾਲ ਐਸ.ਸੀ. ਭਾਈਚਾਰਾ ਅਤੇ ਦਿਵਿਆਂਗ ਵਰਗ ਦੇ ਕਰਜ਼ਦਾਰਾਂ ਨੂੰ ਅਤਿ ਲੋੜੀਂਦੀ ਰਾਹਤ ਮਿਲੀ ਹੈ। ਇਸ ਕਦਮ ਨਾਲ ਕੁੱਲ 4,727 ਕਰਜ਼ਦਾਰਾਂ ਨੂੰ 67.84 ਕਰੋੜ ਰੁਪਏ ਦੀ ਕੁੱਲ ਰਕਮ ਦਾ ਲਾਭ ਹੋਵੇਗਾ। ਸਾਰੇ 4,727 ਕਰਜ਼ਦਾਰ ਜਿਨ੍ਹਾਂ ਵਿੱਚ 4,685 ਡਿਫਾਲਟ ਕਰਜ਼ਦਾਰ ਅਤੇ 42 ਰੈਗੂਲਰ ਕਰਜ਼ਦਾਰ ਹਨ, ਇਸ ਕਰਜ਼ਾ ਮੁਆਫ਼ੀ ਯੋਜਨਾ ਹੇਠ



ਆਉਣਗੇ। ਇਸ ਲਈ ‘ਕੋਈ ਇਤਰਾਜ਼ ਨਹੀਂ’ ਸਰਟੀਫਿਕੇਟ (ਨੋ ਡਿਊ ਸਰਟੀਫਿਕੇਟ) ਪੀ.ਐਸ.ਸੀ.ਐਫ.ਸੀ. ਦੇ ਜ਼ਿਲ੍ਹਾ ਮੈਨੇਜਰਾਂ ਦੁਆਰਾ ਜਾਰੀ ਕੀਤੇ ਜਾਣਗੇ। ਬੁਲਾਰੇ ਨੇ ਅੱਗੇ ਦੱਸਿਆ ਕਿ 30 ਅਪ੍ਰੈਲ, 2025 ਤੱਕ ਗਿਣਿਆ ਗਿਆ ਮੂਲ, ਵਿਆਜ ਅਤੇ ਦੰਡ ਵਿਆਜ ਸਮੇਤ ਬਣਦੀ 67.84 ਕਰੋੜ ਦੀ ਪੂਰੀ ਰਕਮ ਸੂਬਾ ਸਰਕਾਰ ਵੱਲੋਂ ਪੀ.ਐਸ.ਸੀ.ਐਫ.ਸੀ. ਨੂੰ ਵਾਪਸ ਕੀਤੀ ਜਾਵੇਗੀ। ਅੰਤਿਮ ਵਿਆਜ ਦੀ ਰਕਮ ਦਾ ਹਿਸਾਬ ਉਸ ਮਿਤੀ ਤੋਂ ਹੋਵੇਗਾ, ਜਿਸ ਦਿਨ ਸਰਕਾਰ ਯੋਜਨਾ ਨੂੰ ਲਾਗੂ ਕਰਨ ਲਈ ਨੋਟੀਫਿਕੇਸ਼ਨ ਜਾਰੀ ਕਰਦੀ ਹੈ। ਇਸ ਦੇ ਫਲਸਰੂਪ ਕੁੱਲ ਮੁਆਫ਼ੀ ਦੀ ਰਕਮ ਵਧ ਸਕਦੀ ਹੈ ਅਤੇ ਅਜਿਹਾ ਹੋਣ ਦੀ ਸੂਰਤ ਵਿੱਚ ਕਿਸੇ ਵੀ ਵਾਧੇ ਦੀ ਅਦਾਇਗੀ ਸਰਕਾਰ ਦੁਆਰਾ ਕੀਤੀ ਜਾਵੇਗੀ। ਬੁਲਾਰੇ ਨੇ ਅੱਗੇ ਦੱਸਿਆ ਕਿ ਮਹੱਤਵਪੂਰਨ ਗੱਲ ਇਹ ਹੈ ਕਿ ਜਿਨ੍ਹਾਂ ਕਰਜ਼ਦਾਰਾਂ ਨੇ ਪਹਿਲਾਂ ਵੀ ਕਰਜ਼ਾ ਮੁਆਫੀ ਸਕੀਮਾਂ ਲਾਭ ਪ੍ਰਾਪਤ ਕੀਤਾ ਹੈ, ਉਹ ਵੀ ਇਸ ਮੁਆਫੀ ਸਕੀਮ ਦਾ ਲਾਭ ਲੈਣ ਲਈ ਯੋਗ ਮੰਨੇ ਜਾਣਗੇ। ਕਰਜ਼ਾ ਮੁਆਫੀ ਤੋਂ ਬਾਅਦ ਪੀ.ਐਸ.ਸੀ.ਐਫ.ਸੀ. ਦੇ ਨਿਯਮਾਂ ਤਹਿਤ ਕਰਜ਼ਾ ਲੈਣ ਵਾਲਿਆਂ ਵਿਰੁੱਧ ਰਿਕਵਰੀ ਲਈ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ ਜਾਵੇਗੀ। ਕੱਟ-ਆਫ ਮਿਤੀ ਤੱਕ ਉਨ੍ਹਾਂ ਦੇ ਖਾਤਿਆਂ ਨੂੰ ਪੂਰੀ ਤਰ੍ਹਾਂ ਸੈਟਲ ਮੰਨਿਆ ਜਾਵੇਗਾ। ਹਾਲਾਂਕਿ, ਜਿਨ੍ਹਾਂ ਕਰਜ਼ਾਦਾਰਾਂ ਨੇ ਪੀ.ਐਸ.ਸੀ.ਐਫ.ਸੀ. ਵਿਰੁੱਧ ਅਦਾਲਤੀ ਕੇਸ ਦਾਇਰ ਕੀਤੇ ਹਨ, ਉਹ ਉਦੋਂ ਤੱਕ ਯੋਗ ਨਹੀਂ ਹੋਣਗੇ, ਜਦੋਂ ਤੱਕ ਉਹ ਬਿਨਾਂ ਸ਼ਰਤ ਆਪਣੇ ਕੇਸ ਵਾਪਸ ਨਹੀਂ ਲੈਂਦੇ ਅਤੇ ਇਸ ਬਾਰੇ ਦਸਤਾਵੇਜ਼ੀ ਸਬੂਤ ਨਹੀਂ ਦਿੰਦੇ। ਜ਼ਿਕਰਯੋਗ ਹੈ ਕਿ ਸਾਲ 2011 ਦੀ ਜਨਗਣਨਾ ਅਨੁਸਾਰ ਅਨੁਸੂਚਿਤ ਜਾਤੀਆਂ ਭਾਈਚਾਰੇ ਦੀ ਵਸੋਂ ਪੰਜਾਬ ਦੀ ਕੁੱਲ ਵਸੋਂ ਦੀ 31.94 ਫੀਸਦੀ ਹੈ। ਇਸ ਭਾਈਚਾਰੇ ਦੇ ਬਹੁਤ ਸਾਰੇ ਮੈਂਬਰਾਂ ਨੇ ਆਪਣੀ ਆਰਥਿਕ ਤਰੱਕੀ ਦੇ ਉਦੇਸ਼ ਨਾਲ ਸਵੈ-ਰੁਜ਼ਗਾਰ ਦਾ ਉੱਦਮ ਸਥਾਪਤ ਕਰਨ ਲਈ ਪੀ.ਐਸ.ਸੀ.ਐਫ.ਸੀ. ਤੋਂ ਕਰਜ਼ਾ ਲਿਆ ਸੀ।

# ਪ੍ਰਧਾਨ ਮੰਤਰੀ ਨੇ ਟਰੰਪ ਦੇ ਫੋਨ ਮਗਰੋਂ ਗੋਡੇ ਟੇਕੇ: ਰਾਹੁਲ ਗਾਂਧੀ

**ਭੋਪਾਲ।** ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਅੱਜ ਦਾਅਵਾ ਕੀਤਾ ਕਿ ਪਿਛਲੇ ਮਹੀਨੇ ਭਾਰਤ ਤੇ ਪਾਕਿਸਤਾਨ ਵਿਚ ਜਾਰੀ ਫੌਜੀ ਟਕਰਾਅ ਦਰਮਿਆਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਫੋਨ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੋਡੇ ਟੇਕ ਦਿੱਤੇ। ਭੋਪਾਲ ਵਿਚ ਪਾਰਟੀ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਗਾਂਧੀ ਨੇ ਕਿਹਾ ਕਿ ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ 1971 ਦੀ ਭਾਰਤ-ਪਾਕਿ ਜੰਗ ਦੌਰਾਨ ਅਮਰੀਕਾ ਵੱਲੋਂ ਆਪਣੀ ਸੱਤਵੀਂ ਫਲੀਟ ਭੇਜੇ ਜਾਣ ਦੇ ਬਾਵਜੂਦ ਵੀ ਨਹੀਂ ਝੁਕੇ ਸਨ। ਰਾਹੁਲ ਨੇ ਕਾਂਗਰਸੀ ਆਗੂਆਂ ਤੇ ਵਰਕਰਾਂ ਦੀ ਹਾਜ਼ਰੀ ਵਿਚ ਇਥੇ ਕਾਂਗਰਸ ਦੇ 'ਸੰਗਠਨ ਸ੍ਰਿਜਨ ਅਭਿਆਨ' ਦੀ ਸ਼ੁਰੂਆਤ ਕਰਦਿਆਂ ਕਿਹਾ, ''ਟਰੰਪ ਵੱਲੋਂ ਇਕ ਫੋਨ ਆਇਆ ਤੇ ਨਰੇਂਦਰ ਜੀ ਨੇ ਫੌਰੀ ਗੋਡੇ ਟੇਕ



ਦਿੱਤੇ...ਇਤਿਹਾਸ ਗਵਾਹ ਹੈ। ਭਾਜਪਾ ਤੇ ਆਰਐੱਸਐੱਸ ਦਾ ਕਿਰਦਾਰ ਹੈ ਕਿ ਉਹ ਹਮੇਸ਼ਾ ਗੋਡੇ ਟੇਕ ਦਿੰਦੇ ਹਨ।'' ਰਾਹੁਲ ਨੇ ਕਿਹਾ ਕਿ ਅਮਰੀਕਾ ਦੀਆਂ ਧਮਕੀਆਂ ਦੇ ਬਾਵਜੂਦ ਭਾਰਤ ਨੇ ਪਾਕਿਸਤਾਨ ਦੇ ਦੋ ਟੋਟੇ ਕੀਤੇ। ਉਨ੍ਹਾਂ ਕਿਹਾ, ''ਕਾਂਗਰਸ ਦੇ ਬੱਬਰ ਸ਼ੇਰ ਤੇ ਸ਼ੇਰਨੀਆਂ ਨੇ ਸੁਪਰ ਪਾਵਰਾਂ (ਸਭ ਤੋਂ ਤਾਕਤਵਰ ਮੁਲਕ) ਨਾਲ ਮੱਥਾ ਲਾਇਆ, ਉਹ ਕਦੇ ਵੀ ਨਹੀਂ ਝੁਕੇ।'' ਉਨ੍ਹਾਂ ਕਿਹਾ ਕਿ 1971 ਦੀ ਜੰਗ ਦੌਰਾਨ ਕੋਈ ਫੋਨ ਕਾਲ ਨਹੀਂ ਆਇਆ। ਅਮਰੀਕਾ ਦੀ ਸੱਤਵੀਂ ਫਲੀਟ, ਹਥਿਆਰ ਤੇ ਜਹਾਜ਼ ਦੀ ਆਮਦ ਦੇ ਬਾਵਜੂਦ ਇੰਦਰਾ ਗਾਂਧੀ ਨੇ ਹਾਰ ਨਹੀਂ ਮੰਨੀ ਤੇ ਕਿਹਾ ਕਿ ਉਹ ਜੋ ਚਾਹੇਗੀ ਉਹ ਕਰੇਗੀ। ਰਾਹੁਲ ਨੇ ਸਪਸ਼ਟ ਤੌਰ 'ਤੇ ਭਾਜਪਾ ਤੇ ਆਰਐੱਸਐੱਸ ਦੇ ਹਵਾਲੇ ਨਾਲ ਕਿਹਾ ਕਿ ਉਹ ਦੇਸ਼ ਆਜ਼ਾਦੀ ਤੋਂ ਹੀ 'ਸਮਰਪਣ ਪੱਤਰ' ਲਿਖਣ ਦੇ ਆਦੀ ਹਨ। ਉਨ੍ਹਾਂ ਕਿਹਾ, ''ਇਹੀ ਫ਼ਰਕ ਹੈ। ਇਹ ਉਨ੍ਹਾਂ ਦਾ ਕਿਰਦਾਰ ਹੈ। ਉਹ ਸਾਰੇ ਇਸ ਤਰ੍ਹਾਂ ਦੇ ਹਨ। ਆਜ਼ਾਦੀ ਦੇ ਸਮੇਂ ਤੋਂ ਹੀ ਉਨ੍ਹਾਂ ਨੂੰ ਸਮਰਪਣ ਪੱਤਰ ਲਿਖਣ ਦੀ ਆਦਤ ਹੈ। ਕਾਂਗਰਸ ਕਦੇ ਵੀ ਆਤਮ-ਸਮਰਪਣ ਨਹੀਂ ਕਰਦੀ। ਮਹਾਤਮਾ ਗਾਂਧੀ, ਜਵਾਹਰਲਾਲ ਨਹਿਰੂ ਅਤੇ (ਵੱਲਭਭਾਈ) ਪਟੇਲ ਨੇ ਕਦੇ ਹਾਰ ਨਹੀਂ ਮੰਨੀ, ਉਹ ਮਹਾਂਸ਼ਕਤੀਆਂ ਵਿਰੁੱਧ ਲੜੇ।'' ਰਾਹੁਲ ਮੁਤਾਬਕ ਦੇਸ਼ ਵਿਚਾਰਧਾਰਾ ਦਾ ਟਕਰਾਅ ਦੇਖ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ, ''ਵਿਚਾਰਧਾਰਾ ਦੀ ਲੜਾਈ ਚੱਲ ਰਹੀ ਹੈ।

## ਅਸਾਮ ਵਿੱਚ ਆਏ ਹੜ੍ਹ ਨਾਲ 5 ਲੱਖ ਲੋਕ ਪ੍ਰਭਾਵਿਤ, 11 ਲੋਕਾਂ ਦੀ ਹੋਈ ਮੌਤ

**ਨਵੀਂ ਦਿਲੀ।** ਦੇਸ਼ ਦੇ ਉੱਤਰ-ਪੂਰਬੀ ਸੂਬਿਆਂ ਵਿੱਚ 29 ਮਈ ਨੂੰ ਮਾਨਸੂਨ ਪਹੁੰਚ ਗਿਆ ਸੀ। 5 ਦਿਨ ਬਾਅਦ ਵੀ ਮਾਨਸੂਨ ਉੱਥੇ ਹੀ ਹੈ। ਇਸ ਕਾਰਨ ਮਨੀਪੁਰ, ਅਸਾਮ, ਅਰੁਣਾਚਲ ਪ੍ਰਦੇਸ਼, ਤ੍ਰਿਪੁਰਾ, ਮੇਘਾਲਿਆ, ਮਿਜ਼ੋਰਮ ਅਤੇ ਸਿੱਕਮ ਵਿੱਚ ਭਾਰੀ ਮੀਂਹ ਪੈ ਰਿਹਾ ਹੈ। ਅਸਾਮ ਦੇ 22 ਜ਼ਿਲ੍ਹਿਆਂ ਦੇ 1254 ਪਿੰਡਾਂ ਵਿੱਚ 5.35 ਲੱਖ ਤੋਂ ਵੱਧ ਲੋਕ ਹੜ੍ਹਾਂ ਤੋਂ ਪ੍ਰਭਾਵਿਤ ਹਨ। ਹੜ੍ਹਾਂ ਅਤੇ ਜ਼ਮੀਨ ਖਿਸਕਣ ਨਾਲ ਹੁਣ ਤੱਕ 11 ਲੋਕਾਂ ਦੀ ਮੌਤ ਹੋ ਚੁੱਕੀ ਹੈ। 15 ਨਦੀਆਂ ਉਫ਼ਾਨ 'ਤੇ ਹਨ। ਸੜਕ, ਰੇਲ ਅਤੇ ਕਿਸ਼ਤੀ ਸੇਵਾਵਾਂ ਪ੍ਰਭਾਵਿਤ ਹੋਈਆਂ ਹਨ। ਕੁੱਲ 31 ਹਜ਼ਾਰ 212 ਲੋਕਾਂ ਨੂੰ 165 ਰਾਹਤ ਕੈਂਪਾਂ ਵਿੱਚ ਰੱਖਿਆ ਗਿਆ ਹੈ। ਉੱਤਰੀ ਸਿੱਕਮ ਦੇ ਲਾਚੇਂਗ-ਚੁੰਗਥਾਂਗ ਕਸਬਿਆਂ ਵਿੱਚ ਜ਼ਮੀਨ ਖਿਸਕਣ ਕਾਰਨ ਫਸੇ 1678 ਸੈਲਾਨੀਆਂ ਨੂੰ ਬਚਾਇਆ ਗਿਆ। 100 ਤੋਂ ਵੱਧ ਅਜੇ ਵੀ ਫਸੇ ਹੋਏ ਹਨ। ਮੰਗਨ ਜ਼ਿਲ੍ਹੇ ਵਿੱਚ ਹੜ੍ਹ ਨੂੰ ਆਫ਼ਤ ਐਲਾਨਿਆ ਗਿਆ ਹੈ। 31 ਮਈ ਦੀ ਸ਼ਾਮ ਨੂੰ ਜ਼ਿਲ੍ਹੇ ਦੇ ਛੱਤੇਨ ਵਿੱਚ ਫ਼ੌਜੀ ਕੈਂਪ ਵਿੱਚ ਜ਼ਮੀਨ



ਖਿਸਕਣ ਕਾਰਨ 3 ਸੈਨਿਕ ਮਾਰੇ ਗਏ ਸਨ। ਉਥੇ ਹੀ ਬਿਹਾਰ ਦੇ ਸੀਵਾਨ ਵਿੱਚ ਸੋਮਵਾਰ ਨੂੰ ਤੂਫ਼ਾਨ ਅਤੇ ਮੀਂਹ ਤੋਂ ਬਾਅਦ ਕੰਧ ਅਤੇ ਦਰੱਖ਼ਤ ਡਿੱਗਣ ਕਾਰਨ ਵੱਖ-ਵੱਖ ਇਲਾਕਿਆਂ ਵਿੱਚ 2 ਔਰਤਾਂ ਸਮੇਤ 7 ਲੋਕਾਂ ਦੀ ਮੌਤ ਹੋ ਗਈ। ਜੈਪੁਰ ਵਿੱਚ ਵੀ ਕੰਧ ਡਿੱਗਣ ਕਾਰਨ ਇੱਕ ਔਰਤ ਦੀ ਜਾਨ ਚਲੀ ਗਈ। ਇਸ ਦੇ ਨਾਲ ਹੀ, ਅੱਜ ਮੱਧ ਪ੍ਰਦੇਸ਼ ਦੇ 38 ਜ਼ਿਲ੍ਹਿਆਂ ਵਿੱਚ ਤੂਫ਼ਾਨ ਅਤੇ ਮੀਂਹ ਦੀ ਚੇਤਾਵਨੀ ਹੈ।

## ਸਿੱਕਮ ਵਿੱਚ ਜ਼ਮੀਨ ਖਿਸਕਣ ਕਾਰਨ ਪੀਲੀਭੀਤ ਦਾ ਜਵਾਨ ਸ਼ਹੀਦ

**ਸਿੱਕਮ।** ਸਿੱਕਮ ਸੂਬੇ ਦੇ ਲਾਚੇਨ ਵਿੱਚ ਫ਼ੌਜੀ ਕੈਂਪ ਵਿੱਚ ਸੋਮਵਾਰ ਨੂੰ ਜ਼ਮੀਨ ਖਿਸਕ ਗਈ। ਇਸ ਹਾਦਸੇ ਵਿੱਚ ਉੱਤਰ ਪ੍ਰਦੇਸ਼ ਦੇ ਪੀਲੀਭੀਤ ਜ਼ਿਲ੍ਹੇ ਦੇ ਮਾਧੋਟੰਡਾ ਥਾਣਾ ਖੇਤਰ ਦੇ ਪਿੰਡ ਧੂਰੀਆ ਪਾਲੀਆ ਦਾ ਰਹਿਣ ਵਾਲਾ ਸਿਪਾਹੀ ਲਖਵਿੰਦਰ ਸਿੰਘ ਸ਼ਹੀਦ ਹੋ ਗਿਆ। 15 ਸਾਲਾਂ ਤੋਂ ਫ਼ੌਜ ਵਿੱਚ ਸੇਵਾ ਨਿਭਾ ਰਿਹਾ ਲਖਵਿੰਦਰ ਆਪਣੀ ਛੁੱਟੀ ਕੱਟਣ ਤੋਂ ਬਾਅਦ ਇੱਕ ਮਹੀਨਾ ਪਹਿਲਾਂ ਹੀ ਡਿਊਟੀ 'ਤੇ ਵਾਪਸ ਆਇਆ ਸੀ। ਸ਼ਹੀਦ ਦੇ ਪਿਤਾ ਗੁਰੂਦੇਵ ਸਿੰਘ ਇੱਕ ਕਿਸਾਨ ਹਨ। ਉਨ੍ਹਾਂ ਦਾ ਵੱਡਾ ਭਰਾ ਪਲਵਿੰਦਰ ਸਿੰਘ ਖੇਤੀਬਾੜੀ ਵਿੱਚ ਮਦਦ ਕਰਦਾ ਹੈ। ਆਪਣੇ ਪੁੱਤਰ ਦੀ ਕੁਰਬਾਨੀ ਦੀ ਖ਼ਬਰ ਮਿਲਣ ਤੋਂ ਬਾਅਦ ਪੂਰਾ ਪਰਿਵਾਰ ਟੁੱਟ ਗਿਆ। ਘਰ ਵਿੱਚ ਲੋਕ ਪਰਿਵਾਰ ਨੂੰ ਦਿਲਾਸਾ ਦੇਣ ਲਈ ਪਹੁੰਚ ਰਹੇ ਹਨ। ਪਤੀ ਦੀ ਮੌਤ ਦੀ ਖ਼ਬਰ ਸੁਣ ਕੇ ਪਤਨੀ ਬੇਹੋਸ਼ ਹੋ ਗਈ।ਲਖਵਿੰਦਰ ਸਿੰਘ ਦੇ ਘਰ ਡੇਢ ਮਹੀਨਾ ਪਹਿਲਾਂ ਹੀ ਇੱਕ ਧੀ ਨੇ ਜਨਮ ਲਿਆ। ਛੁੱਟੀ 'ਤੇ ਘਰ ਆਇਆ ਲਖਵਿੰਦਰ ਆਪਣੀ ਧੀ ਨੂੰ ਦੇਖ ਕੇ ਹੀ ਡਿਊਟੀ 'ਤੇ ਵਾਪਸ ਆਇਆ। ਹੁਣ



ਉਹ ਆਪਣੇ ਪਿੱਛੇ ਆਪਣੀ ਪਤਨੀ, ਪੰਜ ਸਾਲ ਦੇ ਪੁੱਤਰ ਅਤੇ ਇੱਕ ਨਵਜੰਮੀ ਧੀ ਨੂੰ ਛੱਡ ਗਿਆ। ਖ਼ਬਰ ਮਿਲਦੇ ਹੀ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ। ਕੇਂਦਰੀ ਰਾਜ ਮੰਤਰੀ ਜਿਤਿਨ ਪ੍ਰਸਾਦ ਨੇ ਟਵਿੱਟਰ 'ਤੇ ਪੋਸਟ ਕਰਕੇ ਲਖਵਿੰਦਰ ਸਿੰਘ ਦੀ ਕੁਰਬਾਨੀ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ। ਉਨ੍ਹਾਂ ਲਿਖਿਆ, "ਪੀਲੀਭੀਤ ਦੇ ਬਹਾਦਰ ਪੁੱਤਰ ਹਵਲਦਾਰ ਲਖਵਿੰਦਰ ਸਿੰਘ ਦੀ ਕੁਰਬਾਨੀ ਨੂੰ ਸਲਾਮ।" ਕੌਮ ਉਨ੍ਹਾਂ ਦੀ ਕੁਰਬਾਨੀ ਨੂੰ ਹਮੇਸ਼ਾ ਯਾਦ ਰੱਖੇਗੀ। "ਸਥਾਨਕ ਪ੍ਰਸ਼ਾਸਨ ਨੇ ਵੀ ਪਰਿਵਾਰ ਨਾਲ ਸੰਪਰਕ ਕੀਤਾ ਹੈ ਅਤੇ ਉਨ੍ਹਾਂ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484



Editorial Office

Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com



ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।


## ਵਿਧਾਇਕ ਰਮਨ ਅਰੋੜਾ ਦੇ ਕਰੀਬੀ ਮਹੇਸ਼ ਮੁਖੀਜਾ ਨੂੰ 16 ਤੱਕ ਨਿਆਂਇਕ ਹਿਰਾਸਤ 'ਚ ਭੇਜਿਆ





**ਜਲੰਧਰ।** ਭ੍ਰਿਸ਼ਟਾਚਾਰ ਸਾਜ਼ਿਸ਼ ਤਹਿਤ ਜਲੰਧਰ ਤੋਂ ਗ੍ਰਿਫ਼ਤਾਰ ਕੀਤੇ ਗਏ ਵਿਧਾਇਕ ਰਮਨ ਅਰੋੜਾ ਦੇ ਕਰੀਬੀ ਮਹੇਸ਼ ਮਖੀਜਾ ਨੂੰ ਅੱਜ ਵਿਜੀਲੈਂਸ ਟੀਮ ਨੇ ਉਨ੍ਹਾਂ ਦੇ ਰਿਮਾਂਡ ਦੀ ਮਿਆਦ ਖਤਮ ਹੋਣ ਤੋਂ ਬਾਅਦ ਦੁਬਾਰਾ ਅਦਾਲਤ ਵਿੱਚ ਪੇਸ਼ ਕੀਤਾ। ਜਿੱਥੇ ਅਦਾਲਤ ਨੇ ਮਹੇਸ਼ ਮਖੀਜਾ ਨੂੰ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਹੈ। ਅਦਾਲਤ ਨੇ ਮਹੇਸ਼ ਮਖੀਜਾ ਨੂੰ ਵੀ 16 ਜੂਨ ਤੱਕ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਦੂਜੇ ਪਾਸੇ, ਜੇਲ੍ਹ ਵਿੱਚ ਬੰਦ ਏਟੀਪੀ ਸੁਖਦੇਵ ਵਸ਼ਿਸ਼ਟ ਅਤੇ ਬਿਲਡਿੰਗ ਇੰਸਪੈਕਟਰ ਹਰਪ੍ਰੀਤ ਕੌਰ ਨੇ ਵਕੀਲ ਰਾਹੀਂ ਨਿਯਮਤ ਜ਼ਮਾਨਤ ਲਈ ਅਰਜ਼ੀ ਦਿੱਤੀ ਹੈ, ਜਿਸਦੀ ਸੁਣਵਾਈ 4 ਜੂਨ ਨੂੰ ਵਧੀਕ ਸੈਸ਼ਨ ਜੱਜ ਜਸਵਿੰਦਰ ਸਿੰਘ ਦੀ ਅਦਾਲਤ ਵਿੱਚ ਹੋਵੇਗੀ। ਉਸੇ ਦਿਨ ਵਿਧਾਇਕ ਰਮਨ ਅਰੋੜਾ ਦੇ ਪੁੱਤਰ ਰਾਜਨ ਅਰੋੜਾ ਦੀ ਅਗਾਊਂ ਜ਼ਮਾਨਤ ਸਬੰਧੀ ਅਦਾਲਤ ਵਿੱਚ ਸੁਣਵਾਈ ਹੋਵੇਗੀ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਖੜੇ ਟਰੱਕ ਨਾਲ ਟਕਰਾਈ ਤੇਜ਼ ਰਫ਼ਤਾਰ ਕਾਰ, ਤਿੰਨ ਲੋਕਾਂ ਦੀ ਹੋਈ ਮੌਤ




**ਮਲੇਰਕੋਟਲਾ।** ਬੀਤੀ ਦੇਰ ਰਾਤ ਲੁਧਿਆਣਾ ਤੋਂ ਮਲੇਰਕੋਟਲਾ ਜਾ ਰਹੀ ਕਾਰ ਦੇ ਇਕ ਟਰੱਕ ਨਾਲ ਟਕਰਾ ਜਾਣ ਕਾਰਨ ਤਿੰਨ ਵਿਅਕਤੀਆਂ ਦੀ ਮੌਕੇ ’ਤੇ ਹੀ ਮੌਤ ਹੋ ਗਈ ਤੇ ਤਿੰਨ ਗੰਭੀਰ ਜ਼ਖ਼ਮੀ ਹੋ ਗਏ। ਮ੍ਰਿਤਕਾਂ ਦੀ ਪਛਾਣ ਮਾਲੇਰਕੋਟਲਾ ਦੇ ਮੁਹੰਮਦ ਸ਼ਾਹਿਦ(31), ਰੋਹਿਤ ਵਰਮਾ(28) ਅਤੇ ਕੋਸਰ (40) ਵਜੋਂ ਹੋਈ ਹੈ। ਪੀੜਤ ਲੁਧਿਆਣਾ ਜ਼ਿਲ੍ਹੇ ਦੇ ਨਾਰੰਗਵਾਲ ਪਿੰਡ ਤੋਂ ਵਾਪਸ ਮਾਲੇਰਕੋਟਲਾ ਆ ਰਹੇ ਸਨ। ਅਹਿਮਦਗੜ੍ਹ ਥਾਣਾ ਸਦਰ ਦਰਸ਼ਨ ਸਿੰਘ ਨੇ ਦਸਿਆ ਕਿ ਮਾਰੂਤੀ ਕਾਰ ਦੀ ਸੜਕ ’ਤੇ ਖੜੇ ਇਕ ਲੋਡ ਕੀਤੇ ਟਰੱਕ ਨਾਲ ਟੱਕਰ ਹੋ ਗਈ। ਪੁਲਿਸ ਨੇ ਟਰੱਕ ਡਰਾਈਵਰ ਵਿਰੁਧ ਐਫ਼ਆਈਆਰ ਦਰਜ ਕੀਤੀ ਗਈ ਹੈ।

# ਜਸਟਿਸ ਯਸ਼ਵੰਤ ਵਰਮਾ ਖਿਲਾਫ਼ ਅਗਲੇ ਸੰਸਦੀ ਇਜਲਾਸ ’ਚ ਮਹਾਦੋਸ਼ ਮਤਾ ਲਿਆਉਣ ਦੀ ਤਿਆਰੀ




**ਨਵੀਂ ਦਿੱਲੀ।** ਸਰਕਾਰ ਅਗਲੇ ਸੰਸਦੀ ਇਜਲਾਸ ਵਿੱਚ ਜਸਟਿਸ ਯਸ਼ਵੰਤ ਵਰਮਾ ਵਿਰੁੱਧ ਮਹਾਦੋਸ਼ ਦਾ ਮਤਾ ਲੈ ਕੇ ਆਏਗੀ ਅਤੇ ਸ਼ੱਕੀ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਫਸੇ ਅਲਾਹਾਬਾਦ ਹਾਈ ਕੋਰਟ ਦੇ ਜੱਜ ਵਿਰੁੱਧ ਕਾਰਵਾਈ ਲਈ ਸਰਬ ਪਾਰਟੀ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕਰੇਗੀ। ਸਰਕਾਰੀ ਸੂਤਰਾਂ ਨੇ ਮੰਗਲਵਾਰ ਨੂੰ ਦੱਸਿਆ ਕਿ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨਾਲ ਗੱਲ ਕਰਨਗੇ ਤਾਂ ਜੋ ਉਨ੍ਹਾਂ ਨੂੰ ਜੱਜ ਵਿਰੁੱਧ ਮਹਾਦੋਸ਼ ਮਤਾ ਲਿਆਉਣ ਲਈ ਇਕ ਮੰਚ ’ਤੇ ਲਿਆਂਦਾ ਜਾ ਸਕੇ। ਕਾਬਿਲੇਗੌਰ ਹੈ ਕਿ ਭਾਰਤ ਦੇ ਤਤਕਾਲੀ ਚੀਫ਼ ਜਸਟਿਸ ਸੰਜੀਵ ਖੰਨਾ ਵੱਲੋਂ ਬਣਾਈ ਤਿੰਨ ਮੈਂਬਰੀ ਕਮੇਟੀ ਨੇ ਜੱਜ ਨੂੰ ਦੋਸ਼ੀ ਠਹਿਰਾਇਆ ਸੀ। ਇਸ ਸਾਲ ਮਾਰਚ ਵਿੱਚ ਵਰਮਾ, ਜੋ ਉਦੋਂ ਦਿੱਲੀ ਹਾਈ ਕੋਰਟ ਦੇ ਜੱਜ ਸਨ, ਦੇ ਕੌਮੀ ਰਾਜਧਾਨੀ ਵਿਚਲੇ ਘਰ ਵਿੱਚ ਅੱਗ ਲੱਗਣ ਦੀ ਘਟਨਾ ਵਾਪਰੀ ਸੀ ਤੇ ਆਊਟਹਾਊਸ ਵਿੱਚੋਂ ਨਕਦੀ ਦੀਆਂ ਬੋਰੀਆਂ ਮਿਲੀਆਂ ਸਨ। ਹਾਲਾਂਕਿ ਜੱਜ ਨੇ ਬੇਗੁਨਾਹ ਹੋਣ ਦਾ ਦਾਅਵਾ ਕੀਤਾ ਸੀ, ਪਰ ਸੁਪਰੀਮ ਕੋਰਟ ਵੱਲੋਂ ਬਣਾਈ ਕਮੇਟੀ ਨੇ ਉਨ੍ਹਾਂ ’ਤੇ ਦੋਸ਼ ਲਗਾਇਆ। ਜਸਟਿਸ ਵਰਮਾ, ਜਿਨ੍ਹਾਂ ਨੂੰ ਇਸ ਪੂਰੇ ਵਿਵਾਦ ਦੌਰਾਨ ਅਲਾਹਾਬਾਦ ਹਾਈ ਕੋਰਟ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ, ਨੂੰ ਅਸਤੀਫ਼ਾ ਦੇਣ ਲਈ ਮਜਬੂਰ ਕੀਤਾ ਗਿਆ ਸੀ ਪਰ ਉਨ੍ਹਾਂ ਇਨਕਾਰ ਕਰ ਦਿੱਤਾ। ਮਗਰੋਂ ਤਤਕਾਲੀ ਸੀਜੇਆਈ ਸੰਜੀਵ ਖੰਨਾ ਨੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਜਸਟਿਸ ਵਰਮਾ ਨੂੰ ਹਟਾਉਣ ਲਈ ਕਿਹਾ।

# ਸਿਰਫ਼ਿਰੇ ਪ੍ਰੇਮੀ ਨੇ ਆਪਣੀ ਪ੍ਰੇਮਿਕਾ ਦਾ ਚਾਕੂ ਮਾਰ ਕੇ ਕੀਤਾ ਕਤਲ, ਫਿਰ ਲਾਸ਼ ਸਾੜਨ ਦੀ ਕੀਤੀ ਕੋਸ਼ਿਸ਼






**ਨਵੀਂ ਦਿਲੀ।** ਦਿੱਲੀ ਵਿੱਚ ਇੱਕ ਸਿਰਫ਼ਿਰੇ ਪ੍ਰੇਮੀ ਨੇ 18 ਸਾਲ ਦੀ ਕੁੜੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਮੁਲਜ਼ਮ ਨੇ ਕੁੜੀ ਦੇ ਸਰੀਰ 'ਤੇ ਵਾਰ-ਵਾਰ ਚਾਕੂ ਨਾਲ ਹਮਲੇ ਕੀਤਾ। ਜਿਸ ਤੋਂ ਬਾਅਦ ਉਸ ਨੇ ਲਾਸ਼ ਨੂੰ ਸਾੜਨ ਦੀ ਵੀ ਕੋਸ਼ਿਸ਼ ਕੀਤੀ। ਇਹ ਦਿਲ ਦਹਿਲਾ ਦੇਣ ਵਾਲੀ ਘਟਨਾ ਮਹਿਰੌਲੀ ਦੇ ਸੰਜੇ ਵਾਨ ਵਿੱਚ ਵਾਪਰੀ। ਪੁਲਿਸ ਨੂੰ ਸੰਜੇ ਵਾਨ ਦੇ ਇੱਕ ਸੁੰਨਸਾਨ ਇਲਾਕੇ ਵਿੱਚ ਇੱਕ ਕੁੜੀ ਦੀ ਲਾਸ਼ ਪਈ ਮਿਲੀ। ਇਸ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਪੁਲਿਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮ ਦਾ ਕਹਿਣਾ ਹੈ ਕਿ ਲੜਕੀ ਉਸ ਨੂੰ ਧੋਖਾ ਦੇ ਰਹੀ ਸੀ, ਇਸੇ ਲਈ ਉਸ ਨੇ ਇਹ ਅਪਰਾਧ ਕੀਤਾ। ਲੜਕੀ ਦਾ ਪਰਿਵਾਰ ਦੋਸ਼ੀ ਵਿਰੁੱਧ ਸਖ਼ਤ ਸਜ਼ਾ ਦੀ ਮੰਗ ਕਰ ਰਿਹਾ ਹੈ। ਦੋਸ਼ੀ ਦੀ ਪਛਾਣ 18 ਸਾਲਾ ਹਸ਼ਪ੍ਰੀਤ ਸਿੰਘ ਵਜੋਂ ਹੋਈ ਹੈ। ਉਹ ਰਾਣੀ ਬਾਗ ਇਲਾਕੇ ਦਾ ਰਹਿਣ ਵਾਲਾ ਹੈ ਅਤੇ ਉਸ ਦੀ ਬਿਜਲੀ ਦੇ ਸਾਮਾਨ ਦੀ ਦੁਕਾਨ ਹੈ। ਇਸ ਦੇ ਨਾਲ ਹੀ, ਦੋਸ਼ੀ ਡੀਯੂ ਦੇ ਓਪਨ ਲਰਨਿੰਗ ਪ੍ਰੋਗਰਾਮ ਵਿੱਚ ਬੀ.ਕਾਮ ਪਹਿਲੇ ਸਾਲ ਦਾ ਵਿਦਿਆਰਥੀ ਹੈ। ਮ੍ਰਿਤਕਾ ਦੀ ਪਛਾਣ 18 ਸਾਲਾ ਮਹਿਕ ਜੈਨ ਵਜੋਂ ਹੋਈ ਹੈ। ਉਹ ਆਪਣੇ ਮਾਪਿਆਂ ਅਤੇ ਵੱਡੀ ਭੈਣ ਨਾਲ ਜਹਾਂਗੀਰਪੁਰੀ ਵਿੱਚ ਰਹਿੰਦੀ ਸੀ ਅਤੇ ਅੰਗਰੇਜ਼ੀ ਆਨਰਜ਼ ਅਤੇ ਕੋਰੀਅਨ ਭਾਸ਼ਾ ਦੀ ਪੜ੍ਹਾਈ ਕਰ ਰਹੀ ਸੀ।ਦੋਸ਼ੀ ਹਸ਼ਪ੍ਰੀਤ ਨੇ ਲੜਕੀ ਨੂੰ ਮਿਲਣ ਦੇ ਬਹਾਨੇ ਸੰਜੇ ਵਨ ਬੁਲਾਇਆ, ਜਿੱਥੇ ਉਹ ਉਸ ਨੂੰ ਸੰਘਣੇ ਜੰਗਲਾਂ ਵਿੱਚ ਲੈ ਗਿਆ ਅਤੇ ਉਸ ਦੀ ਹੱਤਿਆ ਕਰ ਦਿੱਤੀ। ਦੋਸ਼ੀ ਨੇ ਮਹਿਕ 'ਤੇ ਤੇਜ਼ਧਾਰ ਚਾਕੂ ਨਾਲ ਕਈ ਵਾਰ ਕੀਤੇ ਅਤੇ ਉਸ ਦਾ ਕਤਲ ਕਰ ਦਿੱਤਾ। ਮਹਿਕ ਨੂੰ ਮਾਰਨ ਤੋਂ ਬਾਅਦ, ਦੋਸ਼ੀ ਨੇ ਉਸ ਦੀ ਲਾਸ਼ ਨੂੰ ਸਾੜਨ ਦੀ ਵੀ ਕੋਸ਼ਿਸ਼ ਕੀਤੀ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਸਿਆਸਤ ਅਤੇ ਖੇਡਾਂ ਦਾ ਰਹਿਨੁਮਾ ਸਨ - ਸੁਖਦੇਵ ਸਿੰਘ ਢੀਂਡਸਾ

## ਢੀਂਡਸਾ ਸਾਹਿਬ ਦੇ ਜਾਣ ਨਾਲ ਇਕ ਯੁੱਗ ਦੀ ਹੋਈ ਸਮਾਪਤੀ





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸੁਖਦੇਵ ਸਿੰਘ ਢੀਂਡਸਾ ਜ਼ਿੰਦਗੀ ਦੇ 9 ਦਹਾਕੇ ਦਾ ਸਮਾਂ ਭੋਗ ਕੇ ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਗਏ ਹਨ। ਸਰਦਾਰ ਸੁਖਦੇਵ ਸਿੰਘ ਢੀਂਡਸਾ ਦੇ ਪੂਰੇ ਜੀਵਨ ਦਾ ਜੇਕਰ ਕਿਤੇ ਇੱਕ ਸਬਦ ਚ ਨਿਚੋੜ ਕੱਢਣਾ ਹੋਵੇ ਤਾਂ ਉਹ ਇਹ ਹੈ ਕਿ ਉਹ ਸਿਆਸਤ ਅਤੇ ਖੇਡ ਖੇਤਰ ਦੇ ਰਹਿਨੁਮਾ ਸਨ। ਸ੍ਰ: ਸੁਖਦੇਵ ਸਿੰਘ ਢੀਂਡਸਾ ਨਾਲ ਮੇਰਾ ਮੇਲ 15 ਮਾਰਚ 1999 ਨੂੰ ਅਕਾਲੀ ਆਗੂ ਸ੍ਰ: ਅਵਤਾਰ ਸਿੰਘ ਮੱਲਾ ਰਾਹੀਂ ਉਸ ਵੇਲੇ ਹੋਇਆ ਜਿਸ ਦਿਨ ਉਹਨਾਂ ਨੇ ਪੰਜਾਬ ਰਾਜ ਬਿਜਲੀ ਬੋਰਡ





ਦੇ ਚੇਅਰਮੈਨ ਦੇ ਉਤੇ ਅਸਤੀਫ਼ਾ ਦਿੱਤਾ ਸੀ। ਮੈਂ ਉਸ ਵਕਤ ਅਦਾਰਾ ਅਜੀਤ ਅਖਬਾਰ ਦੇ ਵਿੱਚ ਕੰਮ ਕਰਦਾ ਸੀ। ਤਾਂ ਮੈਂ ਸਿਡਨੀ ਓਲੰਪਿਕ ਖੇਡਾਂ ਸਾਲ 2000 ਬਾਰੇ ਸ੍ਰ: ਸੁਖਦੇਵ ਸਿੰਘ ਢੀਂਡਸਾ ਹੋਰਾਂ ਦਾ ਇੱਕ ਵਿਸ਼ਾਲ ਇੰਟਰਵਿਊ ਕੀਤਾ ਸੀ ਜੋ ਓਸ ਵਕਤ ਪੂਰੀ ਦੁਨੀਆਂ ਵਿੱਚ ਚਰਚਿਤ ਹੋਇਆ ਸੀ। ਉਸ ਤੋਂ ਬਾਅਦ ਸਾਡੀ ਪਰਿਵਾਰਿਕ ਦੋਸਤੀ ਸ਼ੁਰੂ ਹੋਈ । ਉਹ ਮੇਰੇ ਪਰਿਵਾਰ ਦੇ ਹਰ ਦੁੱਖ ਸੁੱਖ ਦੇ ਵਿੱਚ ਆਏ ਅਤੇ ਖਾਸ ਕਰਕੇ ਜਰਖੜ ਖੇਡਾਂ ਦੀ ਉਹਨਾਂ ਨੇ ਇੱਕ ਮਦਦ ਹੀ ਨਹੀਂ ਸਗੋਂ ਇੱਕ ਕਿਸਮ ਦੀ ਸਾਡੀ ਬਾਂਹ ਫੜੀ, ਸੰਗਰੂਰ ਜ਼ਿਲ੍ਹੇ ਦੇ ਮੈਂਬਰ ਪਾਰਲੀਮੈਂਟ ਹੁੰਦਿਆਂ ਹੋਇਆਂ ਵੀ ਜਰਖੜ ਸਟੇਡੀਅਮ ਲਈ 15 ਲੱਖ ਰੁਪਏ ਦੀ ਵਿੱਤੀ ਮਦਦ ਵੀ ਕੀਤੀ। ਜਿਸ ਦਾ ਮੈਂ ਹਮੇਸ਼ਾਂ ਰਿਣੀ ਹਾਂ।

ਕਿਸੇ ਵੀ ਇਨਸਾਨ ਦਾ ਜਨਮ ਹੋਣਾ ਜਾਂ ਮੌਤ ਦਾ ਹੋ ਜਾਣਾ ਇਹ ਇਨਸਾਨ ਦੇ ਵੱਸ ਦੀ ਗੱਲ ਨਹੀਂ, ਇਹ ਕੁਦਰਤ ਦਾ ਵਰਤਾਰਾ ਹੁੰਦਾ ਹੈ, ਪਰ ਜਨਮ ਤੋਂ ਲੈ ਕੇ ਮੌਤ ਦੇ ਵਿਚਕਾਰ ਜੋ ਵਕਤ ਕਿਸੇ ਇਨਸਾਨ ਨੂੰ ਮਿਲਦਾ ਉਸਦੀ ਵਿਉਂਤਬੰਦੀ ਬਣਾਉਣਾ, ਜ਼ਿੰਦਗੀ ਨੂੰ ਉਸ ਮਿਲੇ ਵਕਤ ਵਿੱਚ ਕਿਵੇਂ ਚਲਾਉਣਾ, ਇਹ ਇਨਸਾਨ ਦੇ ਵੱਸ ਵਿੱਚ ਹੁੰਦਾ ਹੈ । ਵਾਕਿਆ ਹੀ ਸ੍ਰ: ਸੁਖਦੇਵ ਸਿੰਘ ਢੀਂਡਸਾ ਹੋਰਾਂ ਨੂੰ ਜਨਮ ਤੋਂ ਲੈ ਕੇ ਮੌਤ ਤੱਕ ਜੋ ਸਮਾਂ ਮਿਲਿਆ ਉਸ ਦੀ ਉਹਨਾਂ ਨੇ ਜ਼ਿੰਦ.ਗੀ ਦੀ ਵਿਉਂਤਬੰਦੀ ਬਹੁਤ ਵਧੀਆ ਬਣਾਈ । ਉਹਨਾਂ ਨੇ ਮੈਨੂੰ ਦੱਸਿਆ ਸੀ, ਕਿ ਉਹ ਕਾਲਜ ਸਮੇਂ ਹਾਕੀ ਦੇ ਬਹੁਤ ਵਧੀਆ ਖਿਡਾਰੀ ਸਨ। ਉਹ ਉਲੰਪੀਅਨ ਬਲਵੀਰ ਸਿੰਘ ਸੀਨੀਅਰ ਦੇ ਬਹੁਤ ਵੱਡੇ ਫੈਨ ਸਨ। ਨਾਲ ਹੀ ਉਹ ਕਾਲਜ ਦੇ ਜੋ ਸਟੂਡੈਂਟ ਯੂਨੀਅਨ ਸੀ ਉਸ ਦੇ ਆਗੂ ਸਨ। ਜਿੱਥੋਂ ਉਹਨਾਂ ਨੇ ਸਿਆਸਤ ਵੱਲ ਨੂੰ ਰੁੱਖ ਕੀਤਾ। ਸਿਆਸਤ ਦੇ ਵਿੱਚ ਉਹਨਾਂ ਨੇ ਇੱਕ ਚੇਅਰਮੈਨ ਤੋਂ ਲੈ ਕੇ ਕੇਂਦਰ ਦੇ ਖੇਡ ਮੰਤਰੀ ਤੱਕ ਸਿਆਸਤ ਮਾਣੀ । ਉਹ ਪੰਜਾਬ ਅਤੇ ਕੇਂਦਰ ਦੇ ਖੇਡ ਮੰਤਰੀ ਵੀ ਰਹੇ। ਇਸ ਤੋਂ ਇਲਾਵਾ ਉਹ ਪੰਜਾਬ ਓਲੰਪਿਕ ਐਸੋਸੀਏਸ਼ਨ ਦੇ ਲੰਬਾ ਸਮਾਂ ਪ੍ਰਧਾਨ ਰਹੇ । ਪੰਜਾਬ ਦੇ ਵਿੱਚ ਪਹਿਲਾ ਖੇਡ ਸਟੇਟ ਅਵਾਰਡ ਉਹਨਾਂ ਨੇ ਸ਼ੁਰੂ ਕੀਤਾ। ਕੇਂਦਰੀ ਖੇਡ ਮੰਤਰੀ ਹੁੰਦਿਆਂ ਉਹਨਾਂ ਨੇ ਕਈ ਵਧੀਆ ਖੇਡ ਸਕੀਮਾਂ ਲਿਆਂਦੀਆਂ, ਜੋ ਅਹਿਮ ਗੱਲ ਹੈ ਕਿ ਉਹਨਾਂ ਨੇ ਪੰਜਾਬ ਦੇ ਅਣਗੌਲੇ ਕੀਤੇ 13 ਖਿਡਾਰੀਆਂ ਨੂੰ ਅਰਜਨਾ ਐਵਾਰਡ ਦਿਵਾਏ । ਸ੍ਰ: ਸੁਖਦੇਵ ਸਿੰਘ ਢੀਂਡਸਾ ਜਿਸ ਨਾਲ ਯਾਰੀ ਲਗਾ ਲੈਂਦੇ ਸਨ ਉਹ ਪੂਰੀ ਨਿਭਾਉਂਦੇ ਸਨ। ਉਸਦਾ ਹਰ ਖਿਆਲ ਰੱਖਦੇ ਸਨ। ਉਹਨਾਂ ਨੇ ਆਪਣੇ ਬੇਟੇ ਪਰਮਿੰਦਰ ਸਿੰਘ ਢੀਡਸਾ ਨੂੰ ਜਿੱਥੇ ਵਧੀਆ ਸੰਸਕਾਰ ਦੇ ਕੇ ਪੜਾ ਲਿਖਾ ਕੇ ਸਮਾਜ ਦਾ ਹਾਣੀ ਬਣਾਇਆ, ਉਥੇ ਆਪਣੇ ਵਰਗਾ ਇੱਕ ਇਮਾਨਦਾਰ, ਸਮਰਪਿਤ ਭਾਵਨਾ ਵਾਲਾ ਦਰਵੇਸ਼ ਸਿਆਸਤਦਾਨ , ਲੋਕ ਨੇਤਾ ਵੀ ਬਣਾਇਆ । ਅੱਜ ਪਰਮਿੰਦਰ ਢੀਡਸਾ ਜਿਸ ਵੀ ਮੁਕਾਮ ਤੇ ਹੈ ਉਹ ਆਪਣੇ ਪਿਤਾ ਸੁਖਦੇਵ ਸਿੰਘ ਢੀਂਡਸਾ ਕਰਕੇ ਹੀ ਹੈ। ਇਸੇ ਕਰਕੇ ਢੀਂਡਸਾ ਪਰਿਵਾਰ ਦੀ ਪੰਜਾਬ, ਖਾਸ ਕਰਕੇ ਸੰਗਰੂਰ ਜ਼ਿਲ੍ਹੇ ਦੀ ਸਿਆਸਤ ਵਿੱਚ ਬਹੁਤ ਵੱਡੀ ਦੇਣ ਹੈ। ਸ੍ਰ: ਸੁਖਦੇਵ ਸਿੰਘ ਢੀਂਡਸਾ ਹੋਰਾਂ ਬਾਰੇ ,ਉਹਨਾਂ ਦੀਆਂ ਪ੍ਰਾਪਤੀਆਂ ਬਾਰੇ, ਉਹਨਾਂ ਦੀ ਜੀਵਨ ਬਾਰੇ, ਉਹਨਾਂ ਦੇ ਰਾਜਨੀਤਿਕ ਸੰਘਰਸ਼ ਬਾਰੇ ਬਹੁਤ ਕੁਝ ਲਿਖਿਆ ਜਾ ਸਕਦਾ ,ਬੋਲਿਆ ਜਾ ਸਕਦਾ ਕਿਉਂਕਿ ਉਹ ਸਿਆਸਤ ਅਤੇ ਖੇਡਾਂ ਦੇ ਇੱਕ ਰਹਿਨੁਮਾ ਸਨ ਪਰ ਉਹਨਾਂ ਦੇ ਬੇਵਕਤੇ ਚਲੇ ਜਾਣ ਨਾਲ ਇਕ ਸਿਆਸਤ ਤੇ ਖੇਡ ਯੁੱਗ ਸਮਾਪਤੀ ਹੋ ਗਈ । ਇਹ ਖਿਲਾਅ ਲੰਬੇ ਅਰਸੇ ਤੱਕ ਭਰ ਨਹੀਂ ਸਕੇਗਾ। 8 ਜੂਨ 2025 ਨੂੰ ਸਰਦਾਰ ਸੁਖਦੇਵ ਸਿੰਘ ਢੀਂਡਸਾ ਹੋਰਾਂ ਦੀ ਅੰਤਿਮ ਅਰਦਾਸ ਹੋਵੇਗੀ ਉੱਥੇ ਵੱਖ ਵੱਖ ਰਾਜਨੀਤਕ ਆਗੂਆਂ ਵੱਲੋਂ ਵੱਡੇ ਪੱਧਰ ਦੀ ਓਨਾਂ ਬਾਰੇ ਉਸਾਰੂ ਬਿਆਨਬਾਜੀ ਹੋਵੇਗੀ, ਸ਼ਰਧਾਂਜਲੀਆਂ ਭੇਟ ਕੀਤੀਆਂ ਜਾਣਗੀਆਂ । ਫੇਰ ਦੁਨੀਆਂ ਦਾਰੀ ਵਿੱਚ ਇੱਕ ਖਾਮੋਸ਼ੀ ਛਾ ਜਾਵੇਗੀ, ਪਰ ਜੋ ਲੋਕ ਢੀਂਡਸਾ ਸਾਹਿਬ ਨੂੰ ਦਿਲੋਂ ਪਿਆਰ ਕਰਦੇ ਹਨ ਉਹਨਾਂ ਲੋਕਾਂ ਦੇ ਦਿਲਾਂ ਵਿੱਚ ਹਮੇਸ਼ਾਂ ਲਈ ਵੱਸਦੇ ਰਹਿਣਗੇ । ਆਸ ਕਰਦੇ ਕਿ ਸ੍ਰ: ਪਰਮਿੰਦਰ ਸਿੰਘ ਢੀਂਡਸਾ ਉਹਨਾਂ ਦੇ ਵਾਰਿਸ ਬਣ ਕੇ ਰਾਜਨੀਤਿਕ ਪਿੜ ਦੇ ਵਿੱਚ ਉਹਨਾਂ ਦੀ ਕਦਰਾਂ ਕੀਮਤਾਂ ਵਾਲੀ ਪਾਈ ਸਿਆਸਤੀ ਰਵਾਇਤ ਨੂੰ ਅੱਗੇ ਜਾਰੀ ਰੱਖਣਗੇ । ਵਾਹਿਗੁਰੂ ਢੀਂਡਸਾ ਸਾਹਿਬ ਪਰਿਵਾਰ ਤੇ ਭਲੀ ਕਰੇ ਅਤੇ ਉਹਨਾਂ ਨੂੰ ਹਮੇਸ਼ਾ ਵੱਡੀਆਂ ਤਰੱਕੀਆਂ ਬਖਸ਼ੇ ।

ਅੰਤ ਵਿੱਚ ਮੈਂ ਜਰਖੜ ਖੇਡਾਂ ਦੇ ਸਮੂਹ ਅਹੁਦੇਦਾਰਾਂ ਅਤੇ ਸਮੂਹ ਖਿਡਾਰੀਆਂ ਵੱਲੋਂ ਉਹਨਾਂ ਨੂੰ ਸ਼ਰਧਾ ਦੇ ਫ਼ੁੱਲ ਭੇਟ ਕਰਦਾ ਹਾਂ ਅਤੇ ਪਰਮਾਤਮਾ ਅੱਗੇ ਅਰਦਾਸ ਕਰਦਾ ਕਿ ਸਵ: ਸੁਖਦੇਵ ਸਿੰਘ ਢੀਂਡਸਾ ਸਾਹਿਬ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣਾ ਅਤੇ ਸਾਨੂੰ ਸਾਰਿਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣਾ। ਵਾਹਿਗੁਰੂ ਭਲੀ ਕਰੇ। ਰੱਬ ਰਾਖਾ !

**ਜਗਰੂਪ ਸਿੰਘ ਜਰਖੜ**
**ਖੇਡ ਲੇਖਕ**
**ਫੋਨ ਨੰਬਰ 9814300722**

# ਐੱਸ ਡੀ ਕਾਲਜ 'ਚ ਵਿਸ਼ਵ ਵਾਤਾਵਰਣ ਦਿਵਸ ਮਨਾਇਆ



**ਐੱਸ ਡੀ ਕਾਲਜ ਫਾਰ ਵੂਮੈਨ ਵਿਖੇ ਵਾਤਾਵਰਣ ਦਿਵਸ ਮੌਕੇ ਪੌਦੇ ਲਗਾਉਂਦੇ ਪ੍ਰਿੰਸੀਪਲ ਡਾ ਵੰਦਨਾ ਸ਼ੁਕਲਾ, ਸਟਾਫ਼ ਮੈਂਬਰ ਅਤੇ ਵਿਦਿਆਰਥਣਾਂ ।**

**ਕਪੂਰਥਲਾ ( ਕੌੜਾ )-** ਐਸ.ਡੀ.ਕਾਲਜ ਫਾਰ ਵੂਮੈਨ ਵਿਖੇ ਐਨ.ਐਸ.ਐਸ ਵਿਭਾਗ ਤੇ ਈਕੋ ਕਲੱਬ ਵੱਲੋਂ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਵਿਚ ਵਾਤਾਵਰਣ ਦਿਵਸ ਮਨਾਇਆ ਗਿਆ । ਇਸ ਦੌਰਾਨ ਸਟਾਫ਼ ਮੈਂਬਰਾਂ ਅਤੇ ਵਿਦਿਆਰਥਣਾਂ ਕਾਲਜ ਕੈਂਪਸ ਵਿੱਚ ਵੱਡੀ ਗਿਣਤੀ ਵਿੱਚ ਛਾਂ ਦਾਰ ਪੌਦੇ ਲਗਾਏ ।ਇਸ ਮੌਕੇ ਬੋਲਦਿਆਂ ਪ੍ਰਿੰਸੀਪਲ ਡਾ. ਸ਼ੁਕਲਾ ਨੇ ਕਿਹਾ ਕਿ ਪੌਦਿਆਂ ਦਾ ਮਨੁੱਖੀ ਜੀਵਨ ਵਿੱਚ ਬਹੁਤ ਵੱਡਾ ਮਹੱਤਵ ਹੈ, ਜੋ ਸਾਨੂੰ ਜਿਉਂਦੇ ਰਹਿਣ ਲਈ ਆਕਸੀਜਨ ਦਿੰਦੇ ਹਨ । ਉਨ੍ਹਾਂ ਪਲਾਸਟਿਕ ਦੇ ਹਾਨੀਕਾਰਕ ਪ੍ਰਭਾਵਾਂ ਸਬੰਧੀ ਵੀ ਵਿਦਿਆਰਥਣਾਂ ਨੂੰ ਜਾਗਰੂਕ ਕੀਤਾ । ਇਸ ਵਿਸ਼ੇ ਸਬੰਧੀ ਵਿਦਿਆਰਥਣਾਂ ਦਰਮਿਆਨ ਲੇਖ ਪ੍ਰਤੀਯੋਗਤਾ ਵੀ ਕਰਵਾਈ ਗਈ । ਜਿਸ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਵੱਡੀ ਗਿਣਤੀ ਵਿਚ ਭਾਗ ਲਿਆ ।

# ਰਾਅਸਟ੍ਰੀਟ ਗੁਰਦੁਆਰਾ ਵੈਨਕੂਵਰ ਵਿਖੇ ਕਰਵਾਇਆ ਗਿਆ ਟੂਰਨਾਮੈਂਟ





**ਕੈਨੇਡਾ (ਹਰਜਿੰਦਰ ਪਾਲ ਛਾਬੜਾ)** ਜੀਵਨ ਸ਼ੇਰਗਿੱਲ ਨਿਊ ਕੈਨੇਡਾ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਨੇ ਜਾਣਕਾਰੀ ਦਿੰਦਿਆ ਦਸਿਆ ਕਿ ਮਿਤੀ 18 ਨੂੰ ਰਾਅਸਟ੍ਰੀਟ ਗੁਰਦੁਆਰਾ ਵੈਨਕੂਵਰ ਵਿਖੇ ਕਰਵਾਇਆ ਗਿਆ ਟੂਰਨਾਮੈਂਟ। ਜਿਸ ਵਿਚ ਚਾਰ ਕਬੱਡੀ ਟੀਮਾਂ ਨੇ ਹਿੱਸਾ ਲਿਆ ਤੇ ਪਹਿਲਾ ਸਥਾਨ ਜੀਵਨ ਸ਼ੇਰਗਿੱਲ ਦੀ ਟੀਮ ਜਮਸ਼ੇਰ ਖੇੜਾ ਕਬੱਡੀ ਕਲੱਬ ਨੇ ਹਾਸਿਲ ਕੀਤਾ ਤੇ ਦੂਜੇ ਸਥਾਨ ਤੇ ਦਸਮੇਸ਼ ਕਬੱਡੀ ਕਲੱਬ ਟੀਮ ਜੇਤੂ ਹੋਈ ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਜਦੋਂ ਸੰਵਿਧਾਨ ਬਚਾਓ ਕਾਂਗਰਸ ਦੀ ਸੰਧੂ ਵੱਲੋਂ ਆਯੋਜਿਤ ਦਾਖਾ ਰੈਲੀ ਵਿੱਚ ਰੰਧਾਵਾ ਨੇ ਸੀਨੀਅਰ ਨੇਤਾ ਅਤੇ ਅੱਤਵਾਦ ਮੌਕੇ ਸਰੀਰ 'ਤੇ ਗੋਲੀਆਂ ਖਾਣ ਵਾਲੇ ਬਾਵਾ ਦੀ ਤਾਰੀਫ਼ ਦੇ ਪੁੱਲ ਬੰਨ੍ਹੇ

**● ਰਾਜਾ ਵੜਿੰਗ ਨੇ 'ਆਪ' ਸਰਕਾਰ ਦੀ ਨਸ਼ਿਆਂ ਵਿਰੁੱਧ ਜੰਗ ਨੂੰ ਢੋਂਗ ਦੱਸਿਆ ਅਤੇ ਗੁਰਕੀਰਤ ਸਿੰਘ ਕੋਟਲੀ ਨੇ ਕਿਹਾ ਕਿ 2027 ਵਿੱਚ ਕਾਂਗਰਸ ਦੀ ਸਰਕਾਰ ਹੋਵੇਗੀ ● ਰੈਲੀ ਵਿੱਚ ਬਾਵਾ ਨੇ ਕਿਹਾ ਕਿ ਸੰਧੂਰ 'ਤੇ ਸਿਆਸਤ ਕਰਨ ਵਾਲੀ ਭਾਜਪਾ ਸੰਧੂਰ ਦਾ ਮੁੱਲ, ਮਰਿਆਦਾ ਅਤੇ ਭਾਰਤੀ ਸੰਸਕ੍ਰਿਤੀ (ਸੱਭਿਆਚਾਰ) ਬਾਰੇ ਜਾਣੇ**



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਕਾਂਗਰਸ ਪਾਰਟੀ ਦੇ ਦਾਖਾ ਹਲਕੇ ਦੇ ਇੰਚਾਰਜ ਕੈਪਟਨ ਸੰਦੀਪ ਸੰਧੂ ਵੱਲੋਂ ਆਯੋਜਿਤ 'ਸੰਵਿਧਾਨ ਬਚਾਓ ਰੈਲੀ' ਵਿੱਚ ਅਮਰਿੰਦਰ ਸਿੰਘ ਰਾਜਾ ਵੜਿੰਗ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਨੇ ਨਸ਼ਾ ਮੁਕਤੀ ਦੇ ਕੂੜ ਪ੍ਰਚਾਰ 'ਤੇ ਆਪ ਸਰਕਾਰ ਦੇ ਦਾਅਵਿਆਂ ਦੀ ਪੋਲ ਖੋਲੀ। ਉਹਨਾਂ ਕਿਹਾ ਕਿ ਜਾਨਲੇਵਾ ਨਸ਼ਿਆਂ ਤੋਂ ਪੰਜਾਬ ਨੂੰ ਬਚਾਉਣ ਲਈ ਪੰਜਾਬ ਲੋਕਾਂ ਦਾ ਦਰਦ ਜਾਨਣ, ਪਹਿਚਾਨਣ ਅਤੇ ਇਲਾਜ ਕਰਨ ਦੀ ਲੋੜ ਹੈ।

ਇਸ ਸਮੇਂ ਸੀਨੀਅਰ ਨੇਤਾ ਮੈਂਬਰ ਪਾਰਲੀਮੈਂਟ ਸੁਖਜਿੰਦਰ ਸਿੰਘ ਰੰਧਾਵਾ ਇੰਚਾਰਜ ਰਾਜਸਥਾਨ ਨੇ ਕਿਹਾ ਕਿ ਕਾਂਗਰਸੀ ਵਰਕਰ ਪਾਰਟੀ ਦੀ ਰੀੜ ਦੀ ਹੱਡੀ ਹਨ। ਇਹ ਜਿੰਨੀ ਮਜ਼ਬੂਤ ਹੋਵੇਗੀ, ਉਨੀ ਹੀ ਪਾਰਟੀ ਮਜ਼ਬੂਤ ਹੋਵੇਗੀ। ਉਹਨਾਂ ਸਟੇਜ 'ਤੇ ਬੈਠੇ ਸੀਨੀਅਰ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਵੱਲ ਇਸ਼ਾਰਾ ਕਰਕੇ ਕਿਹਾ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਖਾਤਰ ਸਰੀਰ 'ਤੇ ਗੋਲੀਆਂ ਖਾਣ ਵਾਲੇ ਅਤੇ ਹਮੇਸ਼ਾਂ ਕਾਂਗਰਸ ਪਾਰਟੀ ਦਾ ਝੰਡਾ ਮਜ਼ਬੂਤ ਹੱਥਾਂ ਨਾਲ ਫੜ ਕੇ ਪਾਰਟੀ ਦੀ ਮਜ਼ਬੂਤੀ ਲਈ ਪਹਿਰਾ ਦੇਣ ਵਾਲਿਆਂ ਦਾ ਅਸੀਂ ਕਦੋਂ ਮੁੱਲ ਮੋੜਾਂਗੇ। ਇਸ ਸਮੇਂ ਗੁਰਕੀਰਤ ਕੋਟਲੀ ਨੇ ਉਪਰੋਕਤ ਸ਼ਬਦਾਂ ਦੀ ਪ੍ਰੋੜਤਾ ਕੀਤੀ ਅਤੇ ਕਿਹਾ ਕਿ ਵਰਕਰਾਂ ਦੇ ਸਹਿਯੋਗ ਨਾਲ 2027 ਦੀ ਸਰਕਾਰ ਕਾਂਗਰਸ ਦੀ ਹੋਵੇਗੀ। ਇਸ ਸਮੇਂ ਬਾਵਾ ਨੇ ਰੰਧਾਵਾ ਵੱਲੋਂ ਉਹਨਾਂ ਲਈ ਵਰਤੇ ਸ਼ਬਦਾਂ ਲਈ ਹਾਰਦਿਕ ਧੰਨਵਾਦ ਕੀਤਾ ਅਤੇ ਬੋਲਦਿਆਂ ਕਿਹਾ ਕਿ ਸੰਵਿਧਾਨ ਦੀ ਰਾਖੀ ਅਤੇ ਪਾਲਣਾ ਕਰਨਾ ਸਭ ਦਾ ਫ਼ਰਜ਼ ਹੈ। ਉਹਨਾਂ ਕਿਹਾ ਕਿ ਭਾਜਪਾ ਦੀ ਸੰਧੂਰ 'ਤੇ ਸਿਆਸਤ ਰਿਐਕਸ਼ਨ ਕਰ ਗਈ ਹੈ। ਭਾਰਤ ਦੀਆਂ ਮਹਿਲਾਵਾਂ ਵੱਲੋਂ ਸੰਧੂਰ ਵੰਡਣ ਦਾ ਵਿਰੋਧ ਭਾਜਪਾ ਨੂੰ ਮਹਿੰਗਾ ਪੈ ਰਿਹਾ ਹੈ। ਇਸ ਸਮੇਂ ਉਹਨਾਂ ਕਿਹਾ ਕਿ ਭਾਜਪਾ ਨੂੰ ਜਾਨਣਾ ਚਾਹੀਦਾ ਹੈ ਕਿ ਸੰਧੂਰ ਵੰਡਣ ਦੀ ਚੀਜ਼ ਨਹੀਂ। ਸੰਧੂਰ ਦੀ ਮਰਿਆਦਾ, ਭਾਰਤੀ ਸੰਸਕ੍ਰਿਤੀ (ਸੱਭਿਅਤਾ) ਅਤੇ ਸੰਧੂਰ ਦੇ ਮੁੱਲ ਨੂੰ ਜਾਣੇ ਭਾਜਪਾ। ਉਹਨਾਂ ਕਿਹਾ ਕਿ 700 ਕਿਸਾਨ ਬਾਰਡਰ 'ਤੇ ਹੱਕਾਂ ਲਈ ਲੜਦੇ ਸ਼ਹੀਦ ਹੋਏ। ਉਹਨਾਂ ਲਈ ਦੋ ਸ਼ਬਦ ਜੋ ਪਾਰਟੀ ਅਫ਼ਸੋਸ ਦੇ ਵੀ ਨਹੀਂ ਕਹਿ ਸਕੀ ਉਸ ਤੋਂ ਹੋਰ ਕੀ ਆਸ ਕਰੋਗੇ। ਉਹਨਾਂ ਕਿਹਾ ਕਿ ਭੈਣਾਂ, ਬੇਟੀਆਂ, ਮਾਤਾਵਾਂ ਦੀ ਮਾਂਗ ਵਿੱਚੋਂ ਸੰਧੂਰ ਮਿਟਾਉਣ ਵਾਲਿਆਂ ਖ਼ਿਲਾਫ਼ ਹਰ ਭਾਰਤੀ ਹਮੇਸ਼ਾਂ ਜੰਗ ਲੜਦਾ ਰਹੇਗਾ। ਇਹ ਸਾਡੇ ਭਾਰਤ ਦੀ ਆਨ, ਸ਼ਾਨ, ਗੌਰਵ ਦੀ ਲੜਾਈ ਹੈ। ਇਸ ਸਮੇਂ ਮਲਕੀਤ ਸਿੰਘ ਦਾਖਾ ਨੇ ਵਿਚਾਰ ਪੇਸ਼ ਕਰਦੇ ਹੋਏ ਭਾਜਪਾ ਅਤੇ ਆਪ ਨੂੰ ਖੂਬ ਰਗੜੇ ਲਗਾਏ।

## ਉਪਰਾਲਾ ਸੇਵਾ ਕਾਰਜਾਂ ਦਾ

# ਮਰੀਜ਼ਾਂ ਲਈ ਵਰਦਾਨ ਬਣਿਆ ਸ਼੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ

**ਮਰੀਜ਼ਾਂ ਦੀ ਸਹੂਲਤ ਨਵੀਂ ਐਕਸਰੇ ਮਸ਼ੀਨ ਸਥਾਪਤ ਕੀਤੀ ਜਾਵੇਗੀ- ਸਲੂਜਾ**



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦੇ ਨਾਲ-ਨਾਲ ਮਨੁੱਖੀ ਸੇਵਾ ਕਾਰਜਾਂ ਵਿੱਚ ਵੀ ਆਪਣਾ ਵੱਡਮੁੱਲਾ ਯੋਗਦਾਨ ਪਾ ਰਿਹਾ ਲੁਧਿਆਣੇ ਸ਼ਹਿਰ ਦਾ ਪ੍ਰਮੁੱਖ ਧਾਰਮਿਕ ਅਸਥਾਨ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਹਰਨਾਮ ਨਗਰ ਦੀ ਪ੍ਰਬੰਧਕੀ ਕਮੇਟੀ ਦੀ ਸੁਹਿਰਦ ਸੋਚ ਵਾਲੀ ਅਗਵਾਈ ਹੇਠ ਸੰਗਤਾਂ ਦੇ ਨਿੱਘੇ ਸਹਿਯੋਗ ਨਾਲ ਚੱਲ ਰਿਹਾ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਇਲਾਕੇ ਦੇ ਲੋੜਵੰਦ ਮਰੀਜ਼ਾਂ ਲਈ ਵਰਦਾਨ ਬਣ ਚੁੱਕਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ੍ਰ: ਗੁਰਮੀਤ ਸਿੰਘ ਸਲੂਜਾ ਮੁੱਖ ਸੇਵਾਦਾਰ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਹਰਨਾਮ ਨਗਰ ਨੇ ਵਿਸ਼ੇਸ਼ ਤੌਰ ਤੇ ਗੱਲਬਾਤ ਕਰਦਿਆਂ ਹੋਇਆਂ ਕੀਤਾ। ਉਨ੍ਹਾਂ ਨੇ ਜਾਣਕਾਰੀ ਦਿੰਦਿਆਂ ਹੋਇਆਂ ਕਿਹਾ ਕਿ ਬੀਤੇ ਦਿਨੀਂ ਸ਼੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਦੀ ਵਰਕਿੰਗ ਕਮੇਟੀ ਦੇ ਮੈਂਬਰਾਂ ਦੀ ਹੋਈ ਮੀਟਿੰਗ ਦੌਰਾਨ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਹਸਪਤਾਲ ਅੰਦਰ ਇਲਾਜ ਕਰਵਾਉਣ ਲਈ ਆਉਣ ਵਾਲੇ ਮਰੀਜ਼ਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਹੋਇਆਂ ਹਸਪਤਾਲ ਦੇ ਆਰਥੋ ਡਿਪਾਰਟਮੈਂਟ ਲਈ ਨਵੀਂ ਐਕਸਰੇ ਮਸ਼ੀਨ ਸਥਾਪਿਤ ਕੀਤੀ ਜਾਵੇਗੀ। ਇਸ ਦੌਰਾਨ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ੍ਰ: ਗੁਰਮੀਤ ਸਿੰਘ ਸਲੂਜਾ ਨੇ ਇਹ ਵੀ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਪ੍ਰਬੰਧਕੀ ਕਾਰਜਾਂ ਵਿੱਚ ਵਿਆਪਕ ਸੁਧਾਰ ਲਿਆਉਣ ਅਤੇ ਸੰਗਤਾਂ ਨੂੰ ਸਾਰੀਆਂ ਮੁੱਢਲੀਆਂ ਸਹੂਲਤਾਂ ਪ੍ਰਦਾਨ ਕਰਨ ਦੇ ਨਾਲ-ਨਾਲ ਲੰਗਰ ਹਾਲ ਦਾ ਸਮੁੱਚੇ ਰੂਪ ਵਿੱਚ ਸੁੰਦਰੀਕਰਨ ਕਰਕੇ ਏ.ਸੀ ਹਾਲ ਬਣਾਉਣ ਦਾ ਪ੍ਰੋਜੈਕਟ ਬੜੀ ਤੇਜ਼ੀ ਨਾਲ ਚੱਲ ਰਿਹਾ ਹੈ ਅਤੇ ਜਲਦੀ ਹੀ ਇਹ ਵੱਡਾ ਕਾਰਜ ਸੰਪੂਰਨ ਹੋ ਜਾਵੇਗਾ। ਉਨ੍ਹਾਂ ਨੇ ਸਮੁੱਚੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਮਨੁੱਖੀ ਸੇਵਾ ਕਾਰਜਾਂ ਦੀ ਲੜੀ ਤਹਿਤ ਚਲਾਏ ਜਾ ਰਹੇ ਸ਼੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਨੂੰ ਹੋਰ ਆਧੁਨਿਕ ਬਣਾਉਣ ਦੇ ਪ੍ਰੋਜੈਕਟ ਤੇ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਵਿੱਚ ਆਪਣੀ ਕਿਰਤ ਕਮਾਈ ਵਿੱਚੋਂ ਉਹ ਆਪਣਾ ਵੱਧ ਤੋਂ ਵੱਧ ਯੋਗਦਾਨ ਪਾਉਣ ਤਾਂ ਕਿ ਸੇਵਾ ਕਾਰਜਾਂ ਦੀ ਲੜੀ ਨਿਰੰਤਰ ਚੱਲਦੀ ਰਹੇ। ਇਸ ਦੌਰਾਨ ਉਨ੍ਹਾਂ ਦੇ ਨਾਲ ਗੁਰਦੁਆਰਾ ਸਾਹਿਬ ਦੇ ਚੇਅਰਮੈਨ ਬਲਦੇਵ ਸਿੰਘ, ਗੁਰਚਰਨ ਸਿੰਘ ਚੰਨ ਸੀਨੀਅਰ ਮੀਤ ਪ੍ਰਧਾਨ, ਅਮਰਜੀਤ ਸਿੰਘ ਟੋਨੀ ਮੱਕੜ, ਕੁਲਵਿੰਦਰ ਸਿੰਘ ਲਾਡੀ, ਦਿਲਜੰਗ ਸਿੰਘ, ਅਮਰਜੀਤ ਸਿੰਘ ਪਰੂਥੀ, ਜਗਤਾਰ ਸਿੰਘ ਸੈਣੀ, ਮਹਿੰਦਰਪਾਲ ਸਿੰਘ ਗਲਹੋਤਰਾ, ਕੁਲਦੀਪ ਸਿੰਘ ਦੀਪਾ, ਭੁਪਿੰਦਰ ਸਿੰਘ ਸਲੂਜਾ, ਰਜਿੰਦਰ ਸਿੰਘ ਸਲੂਜਾ, ਸੁਰਿੰਦਰਪਾਲ ਸਿੰਘ, ਜਸਬੀਰ ਸਿੰਘ ਜੇ ਸੰਨਜ਼, ਹਰਕ੍ਰਿਸ਼ਨ ਸਿੰਘ ਮੱਕੜ, ਹਰਮਨਦੀਪ ਸਿੰਘ, ਭੁਪਿੰਦਰ ਸਿੰਘ ਛਾਬੜਾ, ਕੰਵਲਜੀਤ ਸਿੰਘ ਬਾਂਗਾ ਵਿਸ਼ੇਸ਼ ਤੌਰ ਤੇ ਹਾਜ਼ਰ ਸਨ ।

# ਅਨੰਦ ਗਰੂਪ ਦਿਲਸ਼ੁਮਾਰ ਇੰਟਰਟੇਨਮੈਂਟ ਵੱਲੋਂ "ਗਾਤਾ ਰਹੇ ਮੇਰਾ ਦਿਲ" ਸੰਗੀਤਮਈ ਸ਼ਾਮ ਦਾ ਆਯੋਜਿਨ

**ਅੰਮ੍ਰਿਤਸਰ ( ਬਲਦੇਵ ਸਿੰਘ ਬੇਦੀ )** ਅਨੰਦ ਗਰੂਪ ਦਿਲਸ਼ੁਮਾਰ ਇੰਟਰਟੇਨਮੈਂਟ ਵੱਲੋਂ "ਗਾਤਾ ਰਹੇ ਮੇਰਾ ਦਿਲ" ਪ੍ਰੋਗਰਾਮ ਦਾ ਆਯੋਜਿਨ ਕੀਤਾ ਗਿਆ ਜਿਸ ਵਿੱਚ ਮੁੱਖ ਮਹਿਮਾਨ ਦੇ ਤੋਰ ਤੇ ਸਮਾਜ ਸੇਵਿਕਾ ਸੁਰਭੀ ਵਰਮਾ ਸਨ ਜਿੰਨਾ ਨੇ ਸੰਗੀਤਮਈ ਸ਼ਾਮ ਦੇ ਵਿੱਚ ਸਾਰੇ ਗਾਇਕਾ ਤੇ ਪ੍ਰੋਗਰਾਮ ਦੇ ਆਯੋਜਿਕਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕੇ ਇਸ ਤਰਾਂ ਦੇ ਪ੍ਰੋਗਰਾਮ ਵੱਧ ਤੋਂ ਵੱਧ ਹੋਣੇ ਚਾਹੀਦੇ ਹਨ ਜੋ ਸਾਡੀ ਨਵੀ ਪੀੜੀ ਚੰਗੀ ਸੇਧ ਲੈ ਸਕੇ ਇਸ ਮੌਕੇ ਤੇ ਬਾਲੀਵੁੱਡ ਪਾਲੀਵੁੱਡ ਦੇ ਅਦਾਕਾਰ ਅਰਵਿੰਦਰ ਭੱਟੀ ਵਿਸੇਸ਼ ਤੋਰ ਤੇ ਸ਼ਾਮਿਲ ਹੋਏ ! ਪ੍ਰੋਗਰਾਮ ਦੀ ਜਾਣਕਾਰੀ ਦਿੰਦੇ ਹੋਏ ਚੀਫ ਪ੍ਰਧਾਨ ਤੇ ਗਾਇਕ ਦਿਲਸ਼ੁਮਾਰ ਅਨੰਦ ਅਤੇ ਰਣਜੀਤਾ ਅਨੰਦ ਨੇ ਦੱਸਿਆਂ ਅਨੰਦ ਗਰੁੱਪ ਵੱਲੋਂ ਜਿੱਥੇ ਸੰਗੀਤ ਦੇ ਨਾਲ ਜੁੜੀਆ ਭਾਵੇ ਉਹ ਸੰਗੀਤਕਾਰ, ਗਾਇਕ ਤੇ ਗੀਤਕਾਰ ਹੋਣ ਉਹਨਾਂ ਨੂੰ ਵੱਖ ਵੱਖ ਸਮੇ ਦੇ ਦੌਰਾਨ ਉਹਨਾਂ ਦੁਵਾਰਾਂ ਗਾਏ ਹੋਏ ਗੀਤਾ ਦੇ ਰਾਹੀ ਬਾਲੀਵੁੱਡ ਦੇ ਪਿੱਠਵਰਤੀ ਗਾਇਕਾ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਹੈ ਅੱਜ ਦਾ ਪ੍ਰੋਗਰਾਮ ਮਰਹੂਮ ਗਾਇਕ ਮੁਹੰਮਦ ਰਫੀ, ਲਤਾ ਮਾਗੇਸ਼ਕਾਰ,ਕਿਸ਼ੋਰ ਕੁਮਾਰ, ਮਹਿੰਦਰ ਕਪੂਰ ਸਾਬ ਨੂੰ ਸਮਰਪਿਤ ਸੀ ! ਦੱਸ ਦਈਏ ਕਿ ਇਸ ਵਾਰ ਦਾ ਇਹ ਪ੍ਰੋਗਰਾਮ ਸਿਰਫ ਤੇ ਸਿਰਫ ਅਨੰਦ ਗਰੁੱਪ ਦੇ ਮੇਂਬਰ ਸਹਿਬਾਨਾਂ ਦੇ ਲਈ ਸੀ ਜਿਸ ਵਿੱਚ ਕੋਈ ਵੀ ਕਿਸੇ ਤਰਾਂ ਦੇ ਅਣਗਿਣਤ ਗੀਤਾ ਗਾ ਸਕਦਾ ਸੀ ਅਤੇ ਆਪਣਾ ਮਨੋਰੰਜਨ ਨੱਚ ਟੱਪ ਕੇ ਕਰ ਸਕਦਾ ਸੀ ! ਇਸ ਮੌਕੇ ਤੇ ਅਨੰਦ ਗਰੁੱਪ ਦੇ ਮੈਂਬਰ ਸਹਿਬਾਨ ਵੀ ਮਾਜੂਦ ਸਨ !



# ਭਾਈ ਇੰਦਰਜੀਤ ਸਿੰਘ ਜੀ ਖ਼ਾਲਸਾ ਦਾ ਦੇਹਾਂਤ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸਿੱਖ ਪੰਥ ਦੇ ਮਹਾਨ ਕੀਰਤਨੀਏ ਭਾਈ ਇੰਦਰਜੀਤ ਸਿੰਘ ਜੀ ਖ਼ਾਲਸਾ ਮੁੰਬਈ ਵਾਲੇ ਹਜ਼ੂਰੀ ਰਾਗੀ ਸੱਚ-ਖੰਡ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਕਾਲ ਪੁਰਖ ਦੇ ਹੁਕਮ ਅਨੁਸਾਰ ਯ.ਕੇ. ਦੀ ਧਰਤੀ ਤੇ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਸਤਿਗੁਰੂ ਜੀ ਸਦੀਵ ਕਾਲ ਲਈ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ।

# ਸਬ-ਇੰਸਪੈਕਟਰ ਨਿਰਮਲ ਸਿੰਘ ਚੌਂਕੀ ਇੰਚਾਰਜ ਅੱਪਰਾ ਨੇ ਨਸ਼ੇੜੀਆਂ ਤੇ ਮਨਚਲਿਆਂ ਨੂੰ ਪਾਇਆ ਵਖਤ

**● ਬਿਨਾਂ ਹੈਲਮਟ, ਡਰਾਇਵਿੰਗ ਲਾਇਸੰਸ, ਵਾਹਨਾਂ ਦੇ ਕਾਗਜ਼ਾਤ ਤੇ ਆਧਾਰ ਕਾਰਡ ਤੋਂ ਬਿਨਾਂ ਨਸ਼ਾ ਛੁਡਾਊ ਕੇਂਦਰ ਅੱਪਰਾ ਤੋਂ ਦਵਾਈ ਲੈਣ ਆਉਣ ਵਾਲਿਆਂ ਦੇ ਵਾਹਨ ਕੀਤੇ ਬਾਂਡ ● ਅੱਪਰਾ ਪੁਲਿਸ ਦੀ ਕਾਰਗੁਜ਼ਾਰੀ ਸਲਾਹੁਣਯੋਗ-ਸਰਪੰਚ ਵਿਨੈ ਕੁਮਾਰ ਅੱਪਰਾ**



**ਫਿਲੌਰ/ਅੱਪਰਾ (ਦੀਪਾ)**-ਸਬ ਇੰਸਪੈਕਟਰ ਨਿਰਮਲ ਸਿੰਘ ਚੌਂਕੀ ਇੰਚਾਰਜ ਅੱਪਰਾ ਨੇ ਇਲਾਕੇ ਦੇ ਮਨਚਲੇ ਤੇ ਨਸ਼ੇੜੀ ਨੌਜਵਾਨਾਂ ਨੂੰ ਵਖਤ ਪਾ ਕੇ ਰੱਖ ਦਿੱਤਾ ਹੈ । ਉਨਾਂ ਦੀ ਅਗਵਾਈ ਹੇਠ ਪੁਲਿਸ ਪਾਰਟੀ ਵਲੋਂ ਜਿੱਥੇ ਥਾਂ-ਥਾਂ 'ਤੇ ਨਾਕੇ ਲਗਾ ਕੇ ਉਨਾਂ ਦੇ ਚਾਲਾਨ ਕੱਟੇ ਜਾ ਰਹੇ ਹਨ, ਉੱਥੇ ਹੀ ਅਧੂਰੇ ਕਾਗਜ਼ਾਤ ਵਾਲੇ ਵਾਹਨਾਂ ਨੂੰ ਬਾਂਡ ਵੀ ਕੀਤਾ ਜਾ ਰਿਹਾ ਹੈ । ਬੀਤੇ ਦਿਨ ਤੇ ਅੱਜ ਵੀ ਸਬ ਇੰਸਪੈਕਟਰ ਸ. ਨਿਰਮਲ ਸਿੰਘ ਚੌਂਕੀ ਇੰਚਾਰਜ ਅੱਪਰਾ ਦੀ ਅਗਵਾਈ ਹੇਠ ਪੁਲਿਸ ਟੀਮ ਨੇ ਅੱਪਰਾ ਦੇ ਨਸ਼ਾ ਛੁਡਾਊ ਕੇਂਦਰ ਦੇ ਬਾਹਰ ਸ਼ਪੈਸ਼ਲ ਨਾਕਾ ਲਗਾ ਕੇ ਬਿਨਾਂ ਹੈਲਮਟ, ਡਰਾਇਵਿੰਗ ਲਾਇਸੰਸ, ਆਧਾਰ ਕਾਰਡ ਤੇ ਵਾਹਨਾਂ ਦੇ ਅਧੂਰੇ ਕਾਗਜ਼ਾਤ ਵਾਲੇ ਨੌਜਵਾਨਾਂ ਦੇ ਚਾਲਾਨ ਕੱਟੇ ਤੇ ਕਈ ਮੋਟਰਸਾਈਕਲਾਂ ਨੂੰ ਬਾਂਡ ਕਰ ਦਿੱਤਾ । ਉਨਾਂ ਇਲਾਕੇ ਦੇ ਮਨਚਲੇ ਨੌਜਵਾਨਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਸਰਕਾਰ ਤੇ ਪੁਲਿਸ ਪ੍ਰਸ਼ਾਸ਼ਨ ਵਲੋਂ ਦਿੱਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰਨ ਤੇ ਇੱਕ ਵਧੀਆ ਨਾਗਰਿਕ ਹੋਣ ਦਾ ਸਬੂਤ ਦੇਣ । ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕਾਨੂੰਨ ਆਪਣਾ ਕੰਮ ਕਰੇਗਾ । ਉਨਾਂ ਅੱਗੇ ਕਿਹਾ ਕਿ ਇਹ ਮੁਹਿੰਮ ਇਸੇ ਤਰਾਂ ਹੀ ਜਾਰੀ ਰਹੇਗੀ । ਇਸ ਮੌਕੇ ਗੱਲਬਾਤ ਕਰਦਿਆਂ ਅੱਪਰਾ ਦੇ ਸਰਪੰਚ ਵਿਨੈ ਕੁਮਾਰ ਬੰਗੜ ਨੇ ਕਿਹਾ ਕਿ ਸਬ ਇੰਸਪੈਕਟਰ ਸ. ਨਿਰਮਲ ਸਿੰਘ ਦੀ ਅਗਵਾਈ ਹੇਠ ਨਵੀਂ ਪੁਲਿਸ ਟੀਮ ਦੀ ਕਾਰਗੁਜ਼ਾਰੀ ਸਲਾਹੁਣਯੋਗ ਹੈ । ਅੱਪਰਾ ਤੇ ਇਲਾਕੇ ਦੇ ਪਿੰਡਾਂ 'ਚ ਨਸ਼ੇ ਨੂੰ ਠੱਲ ਪਈ ਹੈ ਤੇ ਨਸ਼ਾ ਛੁਡਾਊ ਕੇਂਦਰ ਦੇ ਅੱਗੇ ਲੱਗਦੀ ਭੀੜ ਵੀ ਘੱਟ ਹੋਈ ਹੈ ।

# ਕਿਤੇ ਬਦਲਾਅ ਦੀ ਹਨੇਰੀ ਤਾਂ ਨਹੀਂ ਬਣ ਗਈ ਪੰਜਾਬ ਦੇ ਪੁੱਤਾਂ ਲਈ ਕਹਿਰ ?

## ਕਿੰਨਾ ਚਿਰ ਨੌਜਵਾਨਾਂ ਦੀਆਂ ਲਾਸ਼ਾਂ ਨਾਲ ਖੇਡੇਗੀ ਸਿਆਸਤ ?

**ਭਲੂਰ/ਬੇਅੰਤ ਗਿੱਲ**

ਸਿਆਸਤ 'ਚ ਵੜਿਆ ਬੰਦਾ ਆਪਣੇ ਸਮਾਜ ਲਈ, ਆਪਣੀ ਧਰਤੀ ਲਈ, ਆਪਣੀ ਕੌਮ ਲਈ , ਆਪਣੇ ਇਰਦ ਗਿਰਦ ਲਈ ਚੰਗੇ ਤੇ ਸੁਚੱਜੇ ਯਤਨ ਕਰਦਾ ਹੈ ਪ੍ਰੰਤੂ ਜਦੋਂ ਸਿਆਸਤ ਬੰਦੇ 'ਚ ਵੜ ਜਾਵੇ ਤਾਂ ਉਹ ਬੰਦਾ ਸਮਾਜ ਲਈ, ਦੇਸ਼ ਲਈ ਘਾਤਕ ਤੇ ਘਟੀਆ ਸਾਬਿਤ ਹੁੰਦਾ ਹੈ। ਅਜੋਕੀ ਸਿਆਸਤ ਬਹੁਤ ਹੀ ਨੀਵੇਂ ਪੱਧਰ 'ਤੇ ਜਾ ਪਹੁੰਚੀ ਹੈ। ਪੰਜਾਬ 'ਤੇ ਰਾਜ ਕਰ ਰਹੀ ਮੌਜੂਦ ਸਰਕਾਰ ਦੇ ਕੁਝ ਲੀਡਰਾਂ 'ਤੇ ਲੋਕ ਸਿੱਧੀਆਂ ਉਂਗਲਾਂ ਚੁੱਕ ਰਹੇ ਹਨ। ਉਨ੍ਹਾਂ ਨੂੰ ਨੌਜਵਾਨਾਂ ਨਾਲ ਵਧੀਕੀਆਂ ਕਰਨ ਦੇ ਇਲਜ਼ਾਮਾਂ ਵਿਚ ਘੇਰਿਆ ਜਾ ਰਿਹਾ ਹੈ। ਕਿਤੇ ਸਚਮੁੱਚ ਹੀ ਬਦਲਾਅ ਦੀ ਹਨੇਰੀ ਪੰਜਾਬ ਦੇ ਜੰਮਿਆਂ ਲਈ ਕਹਿਰ ਤਾਂ ਨਹੀਂ ਬਣ ਗਈ ? ਇਹ ਸਵਾਲ ਬਹੁਤੇ ਪੰਜਾਬੀਆਂ ਦੇ





ਸੀਨਿਆਂ 'ਚ ਉਬਾਲੇ ਮਾਰ ਰਿਹਾ ਹੈ। ਗੋਨਿਆਣਾ ਮੰਡੀ ਦੇ ਨੌਜਵਾਨ ਨਰਿੰਦਰਦੀਪ ਸਿੰਘ ਨੂੰ ਪੁਲਿਸ ਹਿਰਾਸਤ ਵਿਚ ਕਰੰਟ ਨਾਲ ਮਾਰਨ ਦੀ ਦਰਦਨਾਕ ਖ਼ਬਰ ਨੇ ਸਾਰੇ ਪੰਜਾਬ ਨੂੰ ਝੰਜੋੜ ਰੱਖਿਆ ਹੈ। ਦੂਜੇ ਪਾਸੇ ਗੁਰੂਹਰਸਹਾਏ ਦੇ ਪਿੰਡ ਤਰਿੰਡ ਦੇ ਨੌਜਵਾਨ ਸਰਪੰਚ ਜਸ਼ਨਦੀਪ ਬਾਵਾ ਦੀ ਬੇਵਕਤੀ ਮੌਤ ਨੇ ਹਰ ਪਾਸੇ ਗੁੱਸੇ ਦੀ ਲਹਿਰ ਖੜ੍ਹੀ ਕਰ ਦਿੱਤੀ ਹੈ। ਲੋਕ ਬੜੇ ਦੁਖੀ ਮਾਹੌਲ ਚੋਂ ਲੰਘ ਰਹੇ ਹਨ। ਉਹ ਚੀਕ ਚੀਕ ਆਖ ਰਹੇ ਹਨ ਕਿ ਸਬੰਧਤ ਐੱਮ ਐੱਲ ਏ ਵੱਲੋਂ ਤੰਗ ਪ੍ਰੇਸ਼ਾਨ ਕਰਨ ਕਰਕੇ ਨੌਜਵਾਨ ਸਰਪੰਚ ਜਸ਼ਨਦੀਪ ਬਾਵਾ ਨੇ ਆਪਣੇ ਆਪ ਨੂੰ ਖਤਮ ਕਰ ਦਿੱਤਾ। ਇੱਥੇ ਸੋਚਣ ਵਾਲੀ ਤੇ ਪੜਤਾਲੀਆ ਗੱਲ ਇਹ ਹੈ ਕਿ ਲੀਡਰ ਆਪਣੀ ਪਾਰਟੀ ਦੇ ਸਰਪੰਚ ਨਾਲ ਹੀ ਵਿਤਕਰਾ ਕਰਦਾ ਆ ਰਿਹਾ ਸੀ , ਅਜਿਹਾ ਕਿਉਂ ? ਇਹ ਬਦਲਾਅ ਦੀ ਹਨੇਰੀ ਦਾ ਕਹਿਰ ਨਹੀਂ ਤਾਂ ਹੋਰ ਕੀ ਹੈ ? ਕਿਤੇ ਇਹ ਬਦਲਾਅ ਪੰਜਾਬ ਲਈ ਖ਼ਤਰਨਾਕ ਸੋਚ ਲੈ ਕੇ ਤਾਂ ਨਹੀਂ ਪੈਦਾ ਹੋਇਆ ? ਕਿਤੇ ਦਿੱਲੀ 'ਬਦਲਾਅ' ਦੇ ਜ਼ਰੀਏ ਪੰਜਾਬ ਤੋਂ ਬਦਲਾ ਲੈਣ ਦੀ ਖੇਡ ਤਾਂ ਨਹੀਂ ਖੇਡ ਰਹੀ ? ਪੰਜਾਬੀਆਂ ਨੂੰ ਇਕਮੁੱਠਤਾ ਨਾਲ ਤੁਰਨ ਦੀ ਲੋੜ ਹੈ। ਸਮਾਂ ਨਾਜ਼ੁਕ ਤੇ ਮੌਸਮ ਵਿਗੜਿਆ ਤਿਗੜਿਆ ਲੱਗਦਾ ਹੈ। ਬਦਲਾਅ ਦੇ ਸਰੀਰ 'ਚ ਸਿਆਸਤ ਪ੍ਰਵੇਸ਼ ਕਰ ਗਈ ਹੈ। ਇਹ ਸਿਆਸਤ ਪੰਜਾਬ ਦਾ ਭਲਾ ਚਾਹੁਣ ਵਾਲੀ ਲੱਗ ਨਹੀਂ ਰਹੀ। ਅਸਲ ਵਿਚ ਇਹ ਸਿਆਸਤ ਹੀ ਪੰਜਾਬ ਦੀ ਨਹੀਂ ਹੈ। ਇਸ ਸਿਆਸਤ ਦਾ ਰੰਗ ਰੂਪ ਹੀ ਪੰਜਾਬ ਦਾ ਨਹੀਂ। ਬੇਗਾਨੀ ਤਾਂ ਫਿਰ ਥੋਨੂੰ ਮਾਰ ਕੇ ਰਾਜ ਕਰੇਗੀ।

# ਡੀਐੈਸਜੀਐਮਸੀ ਗੁਰਦੁਆਰਾ ਦੀਆਂ ਜਾਇਦਾਦਾਂ ਦੀ ਮੁਲਾਂਕਣ ਦੀ ਇਜਾਜ਼ਤ ਨਹੀਂ ਦੇਵੇਗੀ: ਹਰਮੀਤ ਕਾਲਕਾ

## ਡੀਐੈਸਜੀਐਮਸੀ ਨੇ ਸਕੂਲ ਸਟਾਫ ਨੂੰ ਵਧੇ ਹੋਏ ਪੈਸੇ ਦੇ ਬਕਾਏ ਵਜੋਂ 114 ਕਰੋੜ ਰੁਪਏ ਦੇ ਦਿੱਤੇ, ਸਾਰੇ ਬਕਾਏ ਦੇਣ ਦਾ ਵਾਅਦਾ: ਗੁਰਦੁਆਰਾ ਕਮੇਟੀ ਦੇ ਪ੍ਰਧਾਨ

**ਨਵੀਂ ਦਿੱਲੀ।** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ ਹਰਮੀਤ ਸਿੰਘ ਕਾਲਕਾ ਨੇ ਜ਼ੋਰਦਾਰ ਦਾਅਵਾ ਕੀਤਾ ਕਿ ਗੁਰਦੁਆਰਾ ਕਮੇਟੀ ਕਦੇ ਵੀ ਗੁਰਦੁਆਰਾ ਦੀਆਂ ਜਾਇਦਾਦਾਂ ਦੀ ਮੁਲਾਂਕਣ ਦੀ ਇਜਾਜ਼ਤ ਨਹੀਂ ਦੇਵੇਗੀ, ਜਿਵੇਂ ਕਿ ਪਹਿਲੇ ਪ੍ਰਧਾਨਾਂ ਵੱਲੋਂ ਦੋਸ਼ ਲਗਾਇਆ ਜਾ ਰਿਹਾ ਹੈ। ਸ੍ਰੀ ਕਾਲਕਾ ਨੇ ਕਿਹਾ ਕਿ ਉਹ ਸਮਝਦੇ ਹਨ ਕਿ ਰਾਜਨੀਤਿਕ ਵਿਰੋਧੀ ਉਨ੍ਹਾਂ ਨੂੰ ਉਹਨਾਂ ਦੀਆਂ ਖੁਦ ਦੀਆਂ ਮੁੱਖੀ ਵਜੋਂ ਗਲਤੀਆਂ ਦਾ ਦੋਸ਼ੀ ਠਹਿਰਾ ਰਹੇ ਹਨ।

ਮੀਡੀਆ ਨਾਲ ਗੱਲ ਕਰਦਿਆਂ ਕਾਲਕਾ ਨੇ ਕਿਹਾ ਕਿ ਡੀਐਸਜੀਐਮਸੀ ਵੱਲੋਂ ਚਲਾਏ ਜਾਂਦੇ ਸਕੂਲਾਂ ਵਿੱਚ ਸਮੱਸਿਆ 2006 ਵਿੱਚ ਸ਼ੁਰੂ ਹੋਈ ਜਦੋਂ ਪਹਿਲੇ ਪ੍ਰਧਾਨ ਦੀ ਮਿਆਦ ਦੌਰਾਨ ਛੇਵਾਂ ਤਨਖਾਹ ਕਮਿਸ਼ਨ ਐਲਾਨਿਆ ਗਿਆ ਸੀ। ਉਸ ਵੇਲੇ ਦੀ ਕਮੇਟੀ ਵੇਤਨ ਵਿੱਚ ਵਾਧੇ ਨੂੰ ਸੰਭਾਲਣ ਵਿੱਚ ਅਸਫਲ ਰਹੀ।" ਉਨ੍ਹਾਂ ਕਿਹਾ ਕਿ 2016 ਦੇ ਤਨਖਾਹ ਕਮਿਸ਼ਨ ਵਿੱਚ, ਤਨਖਾਹਾਂ ਹੋਰ ਵੀ ਵਧ ਗਈਆਂ ਅਤੇ ਉਸ ਵੇਲੇ ਦੀ ਡੀਐੈਸਜੀਐਮਸੀ ਵੀ ਵੱਧੀ ਹੋਈ ਤਨਖਾਹ ਦੇਣ ਵਿੱਚ ਅਸਫਲ ਰਹੀ। ਦੋਨਾਂ ਵੇਤਨ ਵਾਧਿਆਂ ਦੇ ਬਕਾਏ ਵੱਡੀ ਰਕਮ ਵਿੱਚ ਜਮ੍ਹਾਂ ਹੋ ਗਏ ਅਤੇ ਡੀਐੈਸਜੀਐਮਸੀ ਵਲੋਂ ਚਲਾਏ ਜਾਂਦੇ ਸਕੂਲਾਂ ਦੇ ਸਟਾਫ ਨੇ ਅਦਾਲਤਾਂ ਵਿੱਚ ਕੇਸ ਦਰਜ ਕਰਵਾਏ।

ਉਨ੍ਹਾਂ ਕਿਹਾ ਕਿ ਜਦੋਂ ਅਸੀਂ ਤਿੰਨ ਸਾਲ ਪਹਿਲਾਂ ਕਮੇਟੀ ਸੰਭਾਲੀ, ਅਸੀਂ ਇਸ ਸਮੱਸਿਆ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ। ਅਸੀਂ ਅਦਾਲਤਾਂ ਵਿੱਚ ਕੇਸਾਂ ਦੀ ਪੈਰਵੀ ਕੀਤੀ ਅਤੇ ਡੀਐੈਸਜੀਐਮਸੀ ਵੱਲੋਂ ਚਲਾਏ ਜਾਂਦੇ ਸਕੂਲਾਂ ਨੂੰ ਤਨਖਾਹ ਵਾਧੇ ਅਤੇ ਬਕਾਏ ਦੇਣ ਲਈ 114 ਕਰੋੜ ਰੁਪਏ ਦੀ ਸਹਾਇਤਾ ਵੀ ਦਿੱਤੀ। ਉਨ੍ਹਾਂ ਨੇ ਅੱਗੇ ਦੱਸਿਆ ਕਿ ਮੌਜੂਦਾ ਕਮੇਟੀ ਦੇ ਇਰਾਦੇ ਬਹੁਤ ਸਪਸ਼ਟ ਹਨ ਕਿ ਸੰਗਤ ਵੱਲੋਂ ਦਿੱਤੇ ਗਏ ਇੱਕ ਵੀ ਪੈਸੇ ਦੀ



ਗਲਤ ਵਰਤੋਂ ਨਹੀਂ ਹੋਣ ਦਿੱਤੀ ਜਾਵੇਗੀ। ਸ੍ਰੀ ਕਾਲਕਾ ਨੇ ਕਿਹਾ ਕਿ ਮੈਂ ਸਾਰਿਆਂ ਨੂੰ, ਵਿਸ਼ੇਸ਼ ਕਰਕੇ ਸਕੂਲਾਂ ਦੇ ਸਟਾਫ ਨੂੰ ਯਕੀਨ ਦਿਵਾਉਂਦਾ ਹਾਂ ਕਿ ਤਨਖਾਹ ਵਾਧੇ ਦੇ ਬਕਾਏ ਦੇਣ ਲਈ ਇੱਕ ਵਿਉਂਤਬੰਦੀ ਬਣਾਈ ਗਈ ਹੈ, ਪਰ ਮੇਰੇ ਵਿਰੋਧੀ ਰੁਕਾਵਟਾਂ ਪਾਉਣ ਅਤੇ ਗੁਰਦੁਆਰਾ ਕਮੇਟੀ ਦਾ ਨਾਂ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਗੁਰਦੁਆਰਾ ਦੀ ਮੁਲਾਂਕਣ ਦੇ ਮੁੱਦੇ 'ਤੇ ਆਪਣਾ ਰੁਖ਼ ਦੁਹਰਾਉਂਦਿਆਂ ਸ੍ਰੀ ਕਾਲਕਾ ਨੇ ਕਿਹਾ ਕਿ ਉਨ੍ਹਾਂ ਦੇ ਵਕੀਲਾਂ ਨੇ ਅਦਾਲਤ ਨੂੰ ਲਿਖਤੀ ਤੌਰ 'ਤੇ ਦੱਸਿਆ ਹੈ:

"ਸਿੱਖ ਧਰਮ ਅਤੇ ਗੁਰਦੁਆਰਾ ਦੇ ਇਤਿਹਾਸ ਅਨੁਸਾਰ, ਇਹ ਜਾਇਦਾਦਾਂ ਨੂੰ ਪਹਿਲਾਂ ਤੋਂ ਹੀ ਜਾਇਦਾਦਾਂ ਵਜੋਂ ਨਹੀਂ ਮੰਨਿਆ ਜਾ ਸਕਦਾ ਅਤੇ ਗੁਰਦੁਆਰਾ ਐਕਟ 1971 ਅਨੁਸਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਹਨਾਂ ਪ੍ਰਾਪਰਟੀਆਂ ਦੇ ਮਾਲਕ ਹਨ, ਇਸ ਲਈ ਮੁਲਾਂਕਣ ਨਹੀਂ ਕੀਤਾ ਜਾ ਸਕਦਾ।" "ਉਨ੍ਹਾਂ ਕਿਹਾ ਕਿ ਅਸੀਂ ਅਦਾਲਤ ਦੀ ਪ੍ਰਕਿਰਿਆ ਅਨੁਸਾਰ ਜਾਇਦਾਦਾਂ ਦੀ ਸੂਚੀ ਪੇਸ਼ ਕੀਤੀ ਹੈ, ਅਤੇ ਇਸ ਤੋਂ ਅੱਗੇ ਕੋਈ ਕਦਮ ਲੈਣ ਤੋਂ ਸਪੱਸ਼ਟ ਇਨਕਾਰ ਕੀਤਾ ਹੈ,। ਉਨ੍ਹਾਂ ਦਸਿਆ ਕਿ ਇਹ ਦੁਖਦਾਈ ਅਤੇ ਹੈਰਾਨ ਕਰਨ ਵਾਲਾ ਹੈ ਕਿ ਪਹਿਲੇ ਪ੍ਰਧਾਨਾਂ ਦੇ ਵਕੀਲ ਅਦਾਲਤ ਵਿੱਚ ਪ੍ਰਾਪਰਟੀਆਂ ਦੀ ਮੁਲਾਂਕਣ ਦੀ ਮੰਗ ਕਰਦੇ ਹਨ ਅਤੇ ਅਦਾਲਤ ਤੋਂ ਬਾਹਰ ਇਹ ਦੋਵੇਂ ਡੀਐੈਸਜੀਐਮਸੀ ਨੇਤਾ ਦੇ ਸਾਰੇ ਅਧਿਕਾਰੀਆਂ ਉੱਤੇ ਜਾਇਦਾਦਾਂ ਦੀ ਮੁਲਾਂਕਣ ਕਰਵਾਉਣ ਦਾ ਦੋਸ਼ ਲਗਾਉਂਦੇ ਹਨ।"

# ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਦੀ ਮਾਸਿਕ ਇਕੱਤਰਤਾ ਹੋਈ

**ਫਰੀਦਕੋਟ (ਰਮੇਸ਼ਵਰ ਸਿੰਘ)** ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਦੀ ਮਾਸਿਕ ਇਕੱਤਰਤਾ ਮਿਤੀ 1 ਜੂਨ 2025 ਦਿਨ ਐਤਵਾਰ ਨੂੰ ਕਰਨਲ ਬਲਬੀਰ ਸਿੰਘ ਸਰਾਂ ਦੀ ਪ੍ਰਧਾਨਗੀ ਹੇਠ ਸਥਾਨਕ ਪੈਨਸ਼ਨਰਜ ਭਵਨ ਫਰੀਦਕੋਟ ਨਜ਼ਦੀਕ ਹੁੱਕੀ ਚੌਕ ਫਰੀਦਕੋਟ ਵਿਖੇ ਹੋਈ ਜਿਸ ਵਿੱਚ ਤਕਰੀਬਨ 2 ਦਰਜਨ ਲੇਖਕਾਂ ਨੇ ਭਾਗ ਲਿਆ ਜਿਨ੍ਹਾਂ ਵਿੱਚ ਇਕਬਾਲ ਘਾਰੂ, ਦਰਸ਼ਨ ਰੋਮਾਣਾ, ਲਾਲ ਸਿੰਘ ਕਲਸੀ, ਸੁਰਿੰਦਰਪਾਲ ਸ਼ਰਮਾ ਭਲੂਰ, ਪ੍ਰਿੰਸੀਪਲ ਕ੍ਰਿਸ਼ਨ ਲਾਲ ਬਕੋਲੀਆ, ਪ੍ਰਿੰਸੀਪਲ ਜੋਗਿੰਦਰ ਸਿੰਘ ਸਿੱਧੂ, ਸਾਧੂ ਸਿੰਘ ਚਮੇਲੀ, ਸੁਖਦੇਵ ਸਿੰਘ ਮਚਾਕੀ, ਡਾ. ਧਰਮ ਪ੍ਰਵਾਨਾ, ਗਿਆਨੀ ਮੁਖਤਿਆਰ ਸਿੰਘ ਵੰਗੜ, ਪ੍ਰੋ. ਪਾਲ ਸਿੰਘ



ਪਾਲ, ਜਗਦੀਪ ਹਸਰਤ ਆਦਿ ਹਾਜ਼ਰ ਹੋਏ। ਸਭ ਤੋਂ ਪਹਿਲਾਂ ਸਭਾ ਵੱਲੋਂ ਕੁਝ ਸ਼ੋਕ ਮਤੇ ਪਾਏ ਗਏ ਜਿਨ੍ਹਾਂ ਵਿੱਚ ਪੰਜਾਬੀ ਅਤੇ ਹਿੰਦੀ ਸਾਹਿਤ ਦੇ ਨਾਮਵਰ ਲੇਖਕ ਅਤੇ ਵਿਦਵਾਨ ਡਾ. ਰਤਨ ਸਿੰਘ ਜੱਗੀ, ਪ੍ਰਸਿੱਧ ਸ਼ਾਇਰ ਸਰਦਾਰ ਪੰਛੀ ਦੇ ਪੁੱਤਰ, ਅਗਨੀਵੀਰ ਅਕਾਸ਼ਦੀਪ ਸਿੰਘ ਚਹਿਲ, ਬੀਬੀ ਗੁਰਚਰਨ ਕੌਰ ਪਤਨੀ ਸਵ: ਭੋਲਾ ਸਿੰਘ ਢਿੱਲੋਂ, ਦੇ ਦਿਹਾਂਤ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਨਾਮ ਦੀ ਤਬਦੀਲੀ ਕੀਤੇ ਜਾਣ ਦੀ ਨਿਖੇਧੀ ਕੀਤੀ ਗਈ। ਅਖੀਰ ਵਿੱਚ ਰਚਨਾਵਾਂ ਦੇ ਦੌਰ ਵਿੱਚ ਹਾਜ਼ਰ ਲੇਖਕਾਂ ਨੇ ਆਪੋ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਅਤੇ ਉਨ੍ਹਾਂ ਰਚਨਾਵਾਂ ਤੇ ਵਿਚਾਰ ਪੇਸ਼ ਕੀਤੇ ਗਏ। ਸਭਾ ਦੇ ਮੁੱਖ ਸਰਪ੍ਰਸਤ ਪ੍ਰਸਿੱਧ ਸ਼ਾਇਰ ਨਵਰਾਹੀ ਘੁਗਿਆਣਵੀ ਜੀ ਦੀ ਨਵੀਂ ਪ੍ਰਕਾਸ਼ਿਤ ਹੋ ਰਹੀ ਪੁਸਤਕ ਤੇ ਅਗਾਉ ਵਧਾਈ ਦਿੱਤੀ ਗਈ।

## ਮੈਂਸੰਜਰ ਆਫ ਪੀਸ ਮਿਸ਼ਨ ਦੇ ਸ਼ਾਂਤੀ ਵਫਦ ਵੱਲੋਂ ਸ਼੍ਰੀ ਮੰਤਰੀ ਅਮਨ ਅਰੋੜਾ ਨਾਲ ਮੁਲਾਕਾਤ

**ਫਿਲੌਰ/ਅੱਪਰਾ (ਦੀਪਾ)**- ਅੱਜ ਮੈਂਸੰਜਰ ਆਫ ਪੀਸ ਮਿਸ਼ਨ ਦੇ ਸ਼ਾਂਤੀ ਵਫਦ ਵੱਲੋਂ ਸ਼੍ਰੀ ਅਮਨ ਅਰੋੜਾ ਮੰਤਰੀ ਪੰਜਾਬ ਸਰਕਾਰ (ਪ੍ਰਧਾਨ ਆਪ ਪਾਰਟੀ) ਨਾਲ ਮੁਲਾਕਾਤ ਕੀਤੀ ਗਈ । ਇਸ ਮੌਕੇ ਪੰਜਾਬ ਵਿੱਚ ਪੀਸ ਰਿਚਰਸ ਸੈਂਟਰ ਬਣਾਉਣ ਸੰਬੰਧੀ ਉੱਨਾਂ ਨਾਲ ਪੱਤਰ-ਵਿਹਾਰ ਸਾਂਝਾ ਕਰਦੇ ਹੋਏ ਵਿਸ਼ੇਸ਼ ਚਰਚਾ ਕੀਤੀ ਗਈ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੀਸ ਅੰਬੇਸਡਰ ਸਲੀਮ ਸੁਲਤਾਨੀ ਦੇ ਦੱਸਿਆ ਕਿ ਸਾਂਤੀ ਵਫਦ ਨੂੰ ਮੰਤਰੀ ਅਮਨ



ਅਰੋੜਾ ਵਲੋਂ ਹਾਂ-ਪੱਖੀ ਹੁੰਗਾਰਾ ਮਿਲਿਆ ਹੈ । ਉਨਾਂ ਕਿਹਾ ਕਿ ਮੈਂਸੰਜਰ ਆਫ ਪੀਸ ਮਿਸ਼ਨ ਦਾ ਮੁੱਖ ਮਕਸਦ ਵਿਸ਼ਵ ਭਰ 'ਚ ਅਮਨ ਤੇ ਸਾਂਤੀ ਨੂੰ ਕਾਇਮ ਕਰਨ ਲਈਕੰਮ ਕਰਨਾ ਹੈ । ਇਸ ਮੌਕੇ ਉਨਾਂ ਨੂੰ 'ਮੈਂਸੰਜਰ ਆਫ ਪੀਸ' ਕਿਤਾਬ ਵੀ ਭੇਂਟ ਕੀਤੀ ਗਈ ।

## ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੀ ਯਾਦ 'ਚ ਛੋਕਰਾਂ ਵਿਖੇ ਨੌਜਵਾਨਾਂ ਨੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ

**ਫਿਲੌਰ/ਅੱਪਰਾ (ਦੀਪਾ)**- ਕਰੀਬੀ ਪਿੰਡ ਛੋਕਰਾਂ ਵਿਖੇ ਛੋਕਰਾਂ-ਅੱਪਰਾ-ਬੰਗਾ ਟੀ-ਪੁਆਇੰਟ ਵਿਖੇ ਨੌਜਵਾਨਾਂ ਵਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਤੇ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੀ ਯਾਦ 'ਚ ਠੰਢੇ ਮਿੱਲੇ ਜਲ ਦੀ ਛਬੀਲ ਲਗਾਈ ਗਈ ਤੇ ਛੋਲਿਆਂ ਦਾ ਲੰਗਰ ਰਾਹਗੀਰਾਂ ਨੂੰ ਛਕਾਇਆ ਗਿਆ । ਸੱਭ ਤੋਂ ਪਹਿਲਾਂ ਬਾਬਾ ਸਾਹਿਬ ਤੇ ਸੰਤ ਰਾਮਾਨੰਦ ਜੀ ਦੀ ਤਸਵੀਰ 'ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ । ਇਸ ਮੌਕੇ ਰਣਦੀਪ ਕੁਮਾਰ ਰਿੰਪੀ, ਦੀਪੂ, ਸੁਨੀਲ, ਸੌਰਵ, ਅਜੇ, ਲਵਪ੍ਰੀਤ ਸੰਦੀਪ,



ਜਸਵੀਰ, ਰਵੀ, ਪ੍ਰਵੀਨ, ਸੰਦੀਪ, ਦਲਜੀਤ, ਛਿੰਦੀ, ਰਾਮ ਜੀ, ਗੱਗੀ, ਧਨਵੀਰ, ਜਸਵੀਰ, ਗਰਤੀਕ, ਤਨਿਸ਼, ਗਗਨਦੀਪ, ਤਲਵਿੰਦਰ ਕੁਮਾਰ, ਹਰਲਿਸ਼ ਆਦਿ ਨੌਜਵਾਨਾਂ ਨੇ ਰਾਹਗੀਰਾਂ ਨੂੰ ਠੰਢਾ ਮਿੱਠਾ ਜਲ ਪਿਆ ਕੇ ਅੱਤ ਦੀ ਪੈ ਰਹੀ ਗਰਮੀ 'ਚ ਤਪਦੇ ਹਿਰਦੇ ਠਾਰੇ । ਇਸ ਮੌਕੇ ਸਮੂਹ ਪੰਚਾਇਤ ਮੈਂਬਰ ਤੇ ਮੋਹਤਬਰ ਵੀ ਹਾਜ਼ਰ ਸਨ ।

## ਝੋਨੇ ਦੀ ਸਿੱਧੀ ਬਿਜਾਈ ਖੇਤੀ ਖਰਚੇ ਘਟਾਉਣ ਲਈ ਸਾਰਥਕ ਸਨਦੀਪ ਸਿੰਘ ਏਡੀਓ

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਲਾਕ ਸਮਰਾਲਾ ਵੱਲੋਂ ਡਾ ਗੁਰਦੀਪ ਸਿੰਘ ਮੁੱਖ ਖੇਤੀਬਾੜੀ ਅਫਸਰ ਲੁਧਿਆਣਾ ਜੀ ਦੇ ਦਿਸ਼ਾ ਨਿਰਦੇਸ਼ ਅਤੇ ਡਾ ਗੌਰਵ ਧੀਰ ਖੇਤੀਬਾੜੀ ਅਫਸਰ ਸਮਰਾਲਾ ਦੀ ਅਗਵਾਈ ਹੇਠ ਝੋਨੇ ਦੀ ਸਿੱਧੀ ਬਜਾਈ ਪਿੰਡ ਦਾਉਦਪੁਰ ਵਿਖੇ ਕਰਵਾਈ ਗਈ। ਇਹ ਸਿੱਧੀ ਬਿਜਾਈ ਅਗਾਂਹਵਧੂ ਕਿਸਾਨ ਸਰਦਾਰ ਪਰਮਿੰਦਰ ਸਿੰਘ ਦੇ ਖੇਤ ਦੇ ਵਿੱਚ ਕਰਵਾਈ ਗਈ। ਖੇਤੀਬਾੜੀ ਵਿਭਾਗ ਵੱਲੋਂ ਪ੍ਰੋਤਸਾਹਿਤ ਕਰਨ ਤੇ ਕਿਸਾਨ ਵੀਰ ਨੇ ਪਹਿਲੀ ਵਾਰ ਝੋਨੇ ਦੀ ਸਿੱਧੀ ਬਿਜਾਈ ਕੀਤੀ। ਇਸ ਮੌਕੇ ਸਨਦੀਪ ਸਿੰਘ ਏਡੀਓ ਸਮਰਾਲਾ ਨੇ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਕਿਸਾਨਾਂ ਦੇ ਖੇਤੀ ਖਰਚੇ ਘਟਾਉਣ ਵਿੱਚ ਸਾਰਥਿਕ ਹੋਵੇਗੀ। ਉਹਨਾਂ ਕਿਹਾ ਕਿ ਕੁਦਰਤੀ ਸੋਮਿਆਂ ਦੀ ਸਾਂਭ ਸੰਭਾਲ ਕਰਨ ਲਈ ਸਾਨੂੰ ਹਰ ਇੱਕ ਕਿਸਾਨ ਨੂੰ ਅਤੇ ਹਰ ਇੱਕ ਵਰਗ ਨੂੰ ਅੱਗੇ ਆਉਣਾ ਚਾਹੀਦਾ ਹੈ। ਉਹਨਾਂ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਪ੍ਰਤੀ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਕਿਸਾਨ ਵੀਰ ਝੋਨੇ ਦੀ ਸਿੱਧੀ ਬਿਜਾਈ ਹੇਠ ਰਕਬਾ ਲਿਆਉਣ ਲਈ ਕਿਹਾ। ਉਹਨਾਂ ਕਿਹਾ ਕਿ ਸਿੱਧੀ ਬਿਜਾਈ ਨਾਲ ਨਾ ਕੇਵਲ ਪਾਣੀ ਦੀ ਬੱਚਤ ਹੋਏਗੀ ਕਿਸਾਨਾਂ ਦੇ ਖੇਤੀ ਖਰਚੇ ਵੀ ਘਟਣਗੇ। ਇਸ ਮੌਕੇ ਉਹਨਾਂ ਨੇ ਕਿਸਾਨ ਵੀਰਾਂ ਨੂੰ ਫਸਲੀ ਵਿਭੰਨਤਾ ਸਕੀਮ ਤੋਂ ਜਾਣੂ ਕਰਵਾਇਆ ਅਤੇ ਕੁਝ ਨਾ ਕੁਝ ਰਕਬਾ ਮੱਕੀ ਦੇ ਹੇਠ ਲਿਆਉਣ ਦੇ ਲਈ ਅਪੀਲ ਵੀ ਕੀਤੀ। ਉਹਨਾਂ ਕਿਸਾਨ ਵੀਰਾਂ ਨੂੰ ਬਾਸਮਤੀ ਦੇ ਵਿੱਚ ਝੰਡਾ ਰੋਗ ਤੋਂ ਬਚਣ ਦੇ ਲਈ ਟਾਈਕੋਗਰਾਮਾ ਐਸਪੈਰਲਮ ਨਾਲ ਬਾਸਮਤੀ ਦੀਆਂ ਜੜਾਂ ਨੂੰ ਛੇ ਘੰਟੇ ਵਿੱਚ ਡਬੋ ਕੇ ਰੱਖਣ ਦੇ ਲਈ ਵੀ ਸਲਾਹ ਦਿੱਤੀ। ਇਸ ਮੌਕੇ ਉਹਨਾਂ ਨੇ ਕਿਸਾਨ ਵੀਰਾਂ ਨੂੰ ਜੀਵਾਣੂ ਖਾਦ ਦੀ ਵਰਤੋਂ ਅਤੇ ਇਸ ਦੀ ਮਹੱਤਤਾ ਬਾਰੇ ਵਿਸਥਾਰ ਦੇ ਵਿੱਚ ਆਪਣੇ ਵਿਚਾਰ ਸਾਂਝੇ ਕੀਤੇ ਇਸ ਮੌਕੇ ਕਿਸਾਨ ਵੀਰਾਂ ਵਿੱਚੋਂ ਅਜੀਤ ਸਿੰਘ ਸੁਰਿੰਦਰ ਸਿੰਘ ਜਸਵਿੰਦਰ ਸਿੰਘ ਇੰਦਰਜੀਤ ਸਿੰਘ ਮਨਜੋਤ ਸਿੰਘ, ਗੁਰਨਾਮ ਸਿੰਘ ਹਰਮਨ ਸਿੰਘ ਪਰਮ ਸਿੰਘ ਕਿਸਾਨ ਵੀਰ ਹਾਜ਼ਰ ਸਨ।

## ਸ. ਵਿਕਰਮਜੀਤ ਸਿੰਘ ਚੌਧਰੀ ਦੀ ਕਾਂਗਰਸ 'ਚ ਵਾਪਸੀ 'ਤੇ ਹਲਕਾ ਫਿਲੌਰ ਦੇ ਸਮੁੱਚੇ ਵਰਕਰਾਂ 'ਚ ਭਾਰੀ ਉਤਸ਼ਾਹ-ਹੈਪੀ ਜੌਹਲ ਖਾਲਸਾ

### ਸਮੁੱਚੀ ਕਾਂਗਰਸ ਹਾਈਕਮਾਂਡ ਤੇ ਲੀਡਰਸ਼ਿਪ ਦਾ ਵੀ ਕੀਤਾ ਧੰਨਵਾਦ



**ਫਿਲੌਰ/ਅੱਪਰਾ (ਦੀਪਾ)**-ਵਿਧਾਨ ਸਭਾ ਹਲਕਾ ਫਿਲੌਰ ਤੋਂ ਕਾਂਗਰਸ ਦੇ ਹਲਕਾ ਵਿਧਾਇਕ ਸ. ਵਿਕਰਮਜੀਤ ਸਿੰਘ ਦੀ ਮੁਅੱਤਲੀ ਕਾਂਗਰਸ ਹਾਈਕਮਾਂਡ ਵਲੋਂ ਰੱਦ ਕਰ ਦਿੱਤੀ ਗਈ ਹੈ ਤੇ ਉਨਾਂ ਦੀ ਕਾਂਗਰਸ 'ਚ ਵਾਪਸੀ ਹੋਈ ਹੈ । ਇਸ ਸੰਬੰਧ 'ਚ ਮੀਡੀਆ ਨਾਲ ਗੱਲਬਾਤ ਕਰਦਿਆਂ ਕਾਂਗਰਸ ਦੇ ਸੀਨੀਅਰ ਆਗੂ ਗੁਰਪ੍ਰੀਤ ਸਿੰਘ ਹੈਪੀ ਜੌਹਲ ਖਾਲਸਾ ਨੇ ਕਿਹਾ ਕਿ ਸ. ਵਿਕਰਮਜੀਤ ਸਿੰਘ ਚੌਧਰੀ ਦੀ ਕਾਂਗਰਸ 'ਚ ਵਾਪਸੀ ਦੇ ਕਾਰਣ ਹਲਕਾ ਫਿਲੌਰ ਦੇ ਸਮੁੱਚੇ ਕਾਂਗਰਸੀ ਵਰਕਰਾਂ 'ਚ ਭਾਰੀ ਉਤਸ਼ਾਹ ਹੈ । ਇਸ ਮੌਕੇ ਉਨਾਂ ਸ. ਵਿਕਰਮਜੀਤ ਚੌਧਰੀ ਦਾ ਲੱਡੂਆਂ ਨਾਲ ਮੂੰਹ ਵੀ ਮਿੱਠਾ ਕਰਵਾਇਆ । ਉਨਾਂ ਜਿੱਥੇ ਸਮੂਹ ਕਾਂਗਰਸੀ ਵਰਕਰਾਂ ਨੂੰ ਮੁਬਾਰਕਬਾਦ ਦਿੱਤੀ, ਉੱਥੇ ਹੀ ਉਨਾਂ ਕਾਂਗਰਸ ਦੀ ਹਾਈਕਮਾਂਡ, ਵਿਰੋਧੀ ਧਿਰ ਦੇ ਨੇਤਾ ਸ. ਪ੍ਰਤਾਪ ਸਿੰਘ ਬਾਜਵਾ, ਕਾਂਗਰਸ ਪੰਜਾਬ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ , ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ ।

# 7 ਜੂਨ ਸ਼ਹੀਦ ਕਾਮਰੇਡ ਅਮੋਲਕ ਸਿੰਘ ਜੀ ਤੇ ਉਸ ਸਾਥੀਆਂ ਦੀ 34ਵੀਂ ਬਰਸੀ ਤੇ ਕਰਾਂਗੇ ਭਰਵਾਂ ਇਕੱਠ:- ਕਾਮਰੇਡ ਵੀਰ ਸਿੰਘ ਕੰਮੇਆਣਾ

**ਫ਼ਰੀਦਕੋਟ (ਸਮਾਜ ਵੀਕਲੀ )** ਅੱਜ ਨਰੇਗਾ ਰੁਜ਼ਗਾਰ ਪ੍ਰਾਪਤ ਮਜਦੂਰ ਯੂਨੀਅਨ ( ਰਜਿ) ਫ਼ਰੀਦਕੋਟ ਦੇ ਜ਼ਿਲਾ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ ਵੱਲੋ ਚਾਰ ਪਿੰਡਾਂ ਦੇ ਨਰੇਗਾ ਮਜ਼ਦੂਰਾਂ ਦਾ ਇਕੱਠ ਕਰ , ਸ਼ਹੀਦ ਕਾਮਰੇਡ ਅਮੋਲਕ ਸਿੰਘ ਦੇ ਸਾਥੀਆਂ ਦੀ ਸ਼ਹੀਦੀ ਬਾਰੇ ਸਭ ਨੂੰ ਦੱਸਿਆਂ ਗਿਆਂ ਅਤੇ ਓਨਾਂ ਦੀ 34ਵੀਂ ਬਰਸੀ ਤੇ ਭਾਰੀ ਇਕੱਠ ਵਿਚ ਪਹੁੰਚਣ ਦੀ ਅਪੀਲ ਕੀਤੀ।

ਇਸ ਸਮੇ ਸਰਕਾਰਾਂ ਤੇ ਰੋਸ ਜਾਹਿਰ ਕੀਤਾ ਕਿ ਸਾਡੇ ਨਰੇਗਾ ਮਜਦੂਰਾਂ ਵੱਲ ਧਿਆਨ ਨਹੀ ਦੇ ਰਹੀ, ਸਾਡੀ ਦਿਹਾੜੀ ਵਧਾਈ ਜਾਵੇ ਤੇ ਸਮੇ ਸਿਰ ਹਰ ਮਜ਼ਦੂਰ ਦੇ ਖਾਤੇ ਵਿਚ ਪਾਈ ਜਾਵੇ। ਮੌਜੂਦਾ ਸਰਕਾਰ ਵੱਲੋ ਜੋ ਵਾਅਦੇ ਕੀਤੇ ਜਾਂਦੇ ਹਨ , ਓਹ ਨਿਭਾਏ ਜਾਣ ਅਤੇ ਨਸ਼ਿਆਂ ਨੂੰ ਪੂਰਨ ਤੌਰ ਤੇ ਜੜੋਂ ਹੀ ਪੁੱਟਿਆ ਜਾਵੇ।



ਇਸ ਇਕੱਠ ਵਿਚ ਬਲਕਾਰ ਸਿੰਘ ਸਹੋਤਾ , ਗੁਰਦੀਪ ਸਿੰਘ,ਬੀਬੀ ਗੁਰਚਰਨ ਕੌਰ, ਕਰਨੈਲ ਸਿੰਘ, ਅਜਾਇਬ ਸਿੰਘ, ਹਰਦੇਵ ਕੌਰ, ਸੁਖਪ੍ਰੀਤ ਕੌਰ ਮੇਟ , ਮਨਪ੍ਰੀਤ ਕੌਰ, ਮਲਕੀਤ ਸਿੰਘ, ਸੀਤੋ ਕੌਰ, ਕੁਲਵਿੰਦਰ ਸਿੰਘ, ਜਸਵੀਰ ਸਿੰਘ, ਹਰਬੰਸ ਸਿੰਘ ਪਿੰਡ ਕੰਮੇਆਣਾ, ਚੇਤ ਸਿੰਘ ਵਾਲਾ, ਕਿਲਾਂ ਨੌ ਤੇ ਸੁੱਖਣਵਾਲਾ ਆਦਿ ਨਰੇਗਾ ਮਜ਼ਦੂਰ ਹਾਜ਼ਰ ਸਨ।

# ਪਿੰਡ ਆਦਰਮਾਨ ਵਿਖੇ ਸ਼ਾਹਦੀਨ ਸ਼ਾਹ ਜੀ ਦਾ ਸਲਾਨਾ ਮੇਲਾ 5 ਜੂਨ ਨੂੰ

## ਅਖਾੜਾ, ਤੇ ਛਿੰਝ ਰਹੇਗੀ ਖਿੱਚ ਦਾ ਕੇਂਦਰ

**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)-** ਦਰਬਾਰ ਬਾਬਾ ਸ਼ਾਹਦੀਨ ਸ਼ਾਹ ਜੀ ਦਾ ਸਲਾਨਾ ਮੇਲਾ 5 ਜੂਨ ਦਿਨ ਵੀਰਵਾਰ ਨੂੰ ਪਿੰਡ ਆਦਰਮਾਨ ਵਿਖੇ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਜਾਵੇਗਾ। ਮੇਲੇ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕ ਕਮੇਟੀ ਮੈਂਬਰਾਂ ਨੇ ਦੱਸਿਆ ਕਿ ਮੇਲੇ ਵਿੱਚ ਜਿਥੇ ਪ੍ਰਸਿੱਧ ਪੰਜਾਬੀ ਗਾਇਕ ਬੱਲੀ ਬੈਂਸ ਟਿਬੇ ਵਾਲੇ ਦਾ ਅਖਾੜਾ ਖਿੱਚ ਦਾ ਕੇਂਦਰ ਹੋਵੇਗਾ ਉਥੇ ਦੇਸ਼ ਦੇ ਨਾਮੀ ਪਹਿਲਵਾਨ ਤੀਰਥ ਮਾਹਲਾ ਅਤੇ ਹਰਮਨ ਆਲਮਗੀਰ ਦੂਜੀ ਕੁਸ਼ਤੀ ਸ਼ੇਰਾਂ ਲੱਲੀਆ ਅਤੇ ਸੁਰਿੰਦਰ ਜੁੰਮਾ ਅਤੇ ਤੀਜੀ ਕੁਸ਼ਤੀ ਹੈਪੀ ਉਚਾ ਪਿੰਡ ਅਤੇ ਅਲੀ ਮਹਿਤਪੁਰ ਵਿਚਕਾਰ ਝੰਡੀ ਦੀਆਂ ਕਰਵਾਈਆਂ ਜਾਣਗੀਆਂ। ਪਟਕੇ ਦੀ ਪਹਿਲੀ ਕੁਸ਼ਤੀ ਦੀ ਇਨਾਮੀ ਰਾਸ਼ੀ 125000/ ਦੂਜੀ ਕੁਸ਼ਤੀ ਦੀ ਰਾਸ਼ੀ 51000/ ਤੀਜੇ ਪਟਕੇ ਦੀ ਰਾਸ਼ੀ 21000, ਦੀ ਹੋਵੇਗੀ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਪ੍ਰਬੰਧਕ ਕਮੇਟੀ ਮੈਂਬਰ ਨਰਿੰਦਰ ਸਿੰਘ ਬਾਜਵਾ ਬੀਕੇਯੂ ਪੰਜਾਬ ਨੇ ਦੱਸਿਆ ਕਿ ਪਟਕੇ ਦੀ ਪਹਿਲੀ ਤੇ ਦੂਜੀ ਕੁਸ਼ਤੀ ਦੀ ਇਨਾਮੀ ਰਾਸ਼ੀ ਯਕੂਬ ਮਸੀਹ ਯੂਕੇ, ਤੇ ਗੋਪੀ ਇਟਲੀ ਵੱਲੋਂ ਦਿੱਤੀ ਜਾਵੇਗੀ। ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਮੇਲੇ ਦੇ ਵਿਸ਼ੇਸ਼ ਸਹਿਯੋਗੀ ਸੱਜਣਾ ਵਿਚ ਸ਼ਾਮਿਲ ਚਰਨਜੀਤ ਸਿੰਘ ਚੰਨੀ ਯੂ ਐਸ ਏ, ਗੁਰਪ੍ਰੀਤ ਸਿੰਘ ਇਟਲੀ, ਯਕੂਬ ਮਸੀਹ ਯੂਕੇ, ਰਣਜੀਤ ਸਿੰਘ ਥਿੰਦ ਯੂਐਸਏ, ਜਗਦੀਪ ਸਿੰਘ ਥਿੰਦ ਯੂਐਸਏ, ਪਰਮਜੀਤ ਸਿੰਘ ਜੱਜ ਜਰਮਨ, ਧਰਮਿੰਦਰ ਸਿੰਘ ਕਨੇਡਾ,ਵਿਜੇ ਕੁਮਾਰ ਘਾਰੂ ਯੂਕੇ, ਹਰਪ੍ਰੀਤ ਸਿੰਘ ਹੁੰਦਲ ਯੂਕੇ, ਹਰਦੀਪ ਸਿੰਘ ਸਿੰਘ ਕਲਿਆਣ ਯੂ ਕੇ , ਤਲਵੀਰ ਸਿੰਘ ਹੁੰਦਲ ਯੂਐਸਏ, ਰਣਜੋਧ ਸਿੰਘ ਹੁੰਦਲ ਯੂਐਸਏ, ਕੈਪਟਨ ਦਵਿੰਦਰਪਾਲ ਸਿੰਘ ਫੋਜੀ, ਬਲਬੀਰ ਸਿੰਘ ਮਰੋਕ ਯੂਐਸਏ, ਕਮਲਜੀਤ ਸਿੰਘ ਮਰੋਕ ਯੂਕੇ, ਪਰਮਜੀਤ ਸਿੰਘ ਮੋਮੀ ਸਾਬਕਾ ਸਰਪੰਚ, ਲਖਵੀਰ ਸਿੰਘ ਲੋਹਗੜ੍ਹ, ਇੰਦਰਜੀਤ ਸਿੰਘ ਲੁਹਾਰ ਤੇ ਸਰਪੰਚ ਬਖਸ਼ੀਸ਼ ਸਿੰਘ ਆਦਰਾਮਾਨ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਆਈਆਂ ਸੰਗਤਾਂ ਲਈ ਮੇਲੇ ਦੌਰਾਨ ਅਤੁਟ ਲੰਗਰ ਵਰਤਾਇਆ ਜਾਵੇਗਾ




# ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ 'ਚੋਂ ਬਾਹਰ ਕੱਢਣ ਲਈ ਮਾਪੇ ਤੇ ਆਮ ਲੋਕ ਸਹਿਯੋਗ ਦੇਣ: ਡਾਕਟਰ ਸੁਖਵਿੰਦਰ ਕੁਮਾਰ ਸੁੱਖੀ

**ਬੰਗਾ ( ਚਰਨਜੀਤ ਸੱਲ੍ਹਾਂ )** ਪੰਜਾਬ ਸਰਕਾਰ ਵਲੋਂ ਪੰਜਾਬ ਨੂੰ ਨਸ਼ਾ-ਮੁਕਤ ਕਰਨ ਹਿੱਤ ਆਰੰਭੀ ਲਹਿਰ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਹਲਕਾ ਬੰਗਾ ਦੇ ਵਿਧਾਇਕ ਤੇ ਕੰਨਵੇਅਰ ਦੇ ਚੇਅਰਮੈਂਨ ਕੈਬਨਿਟ ਰੈਂਕ ਪੰਜਾਬ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਨੇ ਪਿੰਡ ਸਾਹਲੋਂ ਵਿਖੇ ਭਰਵੀਂ ਪਬਲਿਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੇ ਸੁਹਿਰਦ ਯਤਨਾ ਸਦਕਾ ਪਿੰਡਾਂ ਦੇ ਪਿੰਡ ਨਸ਼ਾ-ਮੁਕਤ ਹੋ ਰਹੇ। ਹਰ ਪਿੰਡ ਵਿੱਚ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਆਮ ਲੋਕਾਂ ਵਲੋਂ ਨਸ਼ਿਆਂ ਨੂੰ ਰੋਕਣ ਦਾ ਪ੍ਰਣ ਕਰ ਲਿਆ ਜਾਵੇ। ਨਸ਼ਿਆਂ ਦੇ ਆਦਿ ਹੋਏ ਬੱਚਿਆਂ ਨੂੰ ਪਿਆਰ ਦੀ ਜ਼ਰੂਰਤ ਹੈ ਇਹਨਾ ਨੂੰ ਸਮਝਾ ਬੁਝਾ ਕੇ ਹੀ ਨਸ਼ਾ-ਮੁਕਤ ਕੀਤਾ ਜਾ ਸਕਦਾ ਉਹਨਾ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਨੌਜਵਾਨਾ ਦਾ ਨਸ਼ਾ ਛੁਡਾਉਂਣ ਲਈ ਇਹਨਾ ਦੀ ਹਰ ਸੰਭਵ ਮਦਦ ਕਰਨ ਲਈ ਤਿਆਰ ਹੈ ਜਿੱਥੇ ਸਖਤੀ ਦੀ ਲੋੜ ਹੈ ਉੱਥੇ ਸਖਤੀ ਵੀ ਕਰ ਰਹੀ ਹੈ। ਇਸ ਮੌਕੇ ਨਸ਼ੇ ਨਾ ਕਰਨ ਲਈ ਪਿੰਡ ਵਾਸੀਆਂ ਨੂੰ ਸਹੁੰ ਚੁਕਾਈ ਗਈ। ਇਸ ਮੌਕੇ ਪਿੰਡ ਦੇ ਸਰਪੰਚ ਹਰਮੇਸ਼ ਭਾਰਤੀ ਨੇ ਪਹੁੰਚੀਆਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ ਤੇ ਭਰੋਸਾ ਦੁਆਇਆ ਕਿ ਪੰਚਾਇਤ ਇਸ ਮੁਹਿਮ ਨੂੰ ਸਫਲ ਕਰਨ ਲਈ ਸਰਕਾਰ ਦਾ ਪੂਰਾ ਸਾਥ ਦੇ ਰਹੀ ਹੈ ਤੇ ਦੇਵੇਗੀ। ਨਸ਼ੇ ਦੇ ਸੰਬੰਧ ਵਿੱਚ ਪਿੰਡ ਦਾ ਕੋਈ ਵਿਅਕਤੀ ਪੁਲਿਸ ਵਲੋਂ ਫੜਿਆ ਜਾਂਦਾ ਹੈ ਤਾਂ ਪੰਚਾਇਤ ਉਸ ਦੀ ਮਦਦ ਨਹੀਂ ਕਰੇਗੀ। ਉਹਨਾ ਆਦਿ ਹੋ ਚੁੱਕੇ ਨੌਜਵਾਨਾ ਨੂੰ ਅਪੀਲ ਕੀਤੀ ਕਿ ਨਸ਼ੇ ਛੱਡਣ ਲਈ ਆਪਣਾ ਮਨ ਬਣਾਓ ਪੰਚਾਇਤ ਤੁਹਾਡੀ ਹਰ ਸੰਭਵ ਮਦਦ ਕਰੇਗੀ। ਇਸ ਮੌਕੇ ਹੋਰਨਾ ਤੋਂ ਇਲ-ਾਵਾ ਐਸ ਐਮ ਓ ਮੈਡਮ ਗਿਤਾਂਜਲੀ ਜੀ, ਐਸ ਐੱਚ ਓ ਮੈਡਮ ਨਰੇਸ਼ ਕੁਮਾਰੀ ਜੀ, ਆਪ ਆਗੂ ਸੋਹਣ ਲਾਲ ਢੰਡਾ, ਪ੍ਰਧਾਨ ਰੁਲਦਾ ਸਿੰਘ, ਸਰਦਾਰਾ ਸਿੰਘ, ਭਜਨ ਸਿੰਘ, ਕਿਸ਼ਨ ਲਾਲ, ਚੈਂਚਲ ਸਿੰਘ, ਪਰਮਿੰਦਰ ਸਿੰਘ, ਗੁਰਚਰਨ ਸਿੰਘ, ਹਰਜੀਤ ਸਿੰਘ ਵਿੱਕੀ, ਕਿਸ਼ਨ ਸਿੰਘ ਬਾਬਾ, ਇੰਦਰਪਾਲ ਸਿੰਘ, ਹਰੀ ਸਿੰਘ, ਜਸਵਿੰਦਰ ਸਿੰਘ, ਦਵਿੰਦਰ ਵਿੱਕੀ ਪੰਚ, ਪਰਮਜੀਤ ਸਿੰਘ ਨੀਟੂ ਪੰਚ,ਵੰਦਨਾ ਪੰਚ,ਪਰਮਜੀਤ ਪੰਮਾ ਅਮਰੀਕ ਸਿੰਘ ਤੋਂ ਭਾਰੀ ਗਿਣਤੀ ਵਿੱਚ ਯੂਥ ਦੇ ਆਗੂ ਪਿੰਡ ਦੇ ਪਤਵੰਤੇ ਸੱਜਣ ਤੇ ਔਰਤਾਂ ਹਜ਼ਰ ਸਨ।



**ਪਿੰਡ ਸਾਹਲੋਂ ਵਿਖੇ ਨਸ਼ਿਆਂ ਵਿਰੁੱਧ ਪਿੰਡ ਵਾਸੀਆਂ ਨੂੰ ਲਾਮਬੰਦ ਕਰਦੇ ਹੋਏ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ।**

## ਨਵੀਂ ਛੁਰਲ਼ੀ

ਅਸੀਂ ਤਾਂ ਗੋਦ ਲਵਾਂਗੇ ਇੱਕ ਇੱਕ ,
ਤੁਸੀਂ ਵੀ ਲੈ ਲਓ ਲੋਕੋ ।
ਜਿਸ ਜਿਸ ਵੀ ਰਾਹ 'ਤੇ ਅਸੀਂ ਪਵਾਂਗੇ ,
ਤੁਸੀਂ ਵੀ ਪੈ ਲਓ ਲੋਕੋ ।
ਐਪਰ ਲੋਕਾਂ ਨੂੰ ਮਗਰਮੱਛਾਂ ਦਾ ,
ਡਾਢਾ ਭੈਅ ਜਿਆ ਆਵੇ ;
ਬੱਸ ਪੌਣੇਂ ਦੋ ਕੁ ਸਾਲ ਰਹਿ 'ਗੇ ਨੇ ,
ਏਵੇਂ ਹੀ ਸਹਿ ਲਓ ਲੋਕੋ ;



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਗ਼ਜ਼ਲ

ਜਿਹਦੀ ਯਾਦ 'ਚ ਰੋਇਆ ਉਸ ਦਾ ਹੰਝੂ 'ਤੇ ਸਿਰਨਾਵਾਂ।
ਐਸਾ ਕੌਤਕ ਦੁਨੀਆ ਉੱਤੇ ਕੀਤਾ ਉਹਨੇ ਟਾਵਾਂ।

ਹੁਸਨ ਨਵਾਬੀ, ਇਸ਼ਕ ਭਿਖਾਰੀ ਉਸ ਨੂੰ ਕੀ ਸਮਝਾਵਾਂ।
ਬਣ ਕੇ ਆਜੇ ਫੁੱਲ ਗੁਲਾਬੀ ਜੂੜੇ ਵਿੱਚ ਟਿਕਾਵਾਂ।

ਬਹੁਤ ਤਰੀਕੇ ਵਰਤੇ ਉਸ ਨੇ ਕਿੱਧਰ ਨੂੰ ਉਹ ਜਾਵੇ,
ਅੱਜ ਕੱਲ ਉਸ ਨੂੰ ਰਾਸ ਨ ਆਵਣ ਸੁੰਦਰ ਮਸਤ ਹਵਾਵਾਂ।

ਭੋਲ਼ਾ ਚਿਹਰਾ, ਨੈਣ ਨਸ਼ੀਲੇ ਮਸਤ- ਮਸਤ ਉਹ ਗਾਵੇ,
ਉਸ ਦੇ ਹੋਠੋਂ ਫੁੱਲ ਕਿਰਦੇ ਨੇ ਦੇਵਾਂ ਖ਼ੂਬ ਦੁਆਵਾਂ।

ਹੁਸਨ ਜਿਨ੍ਹਾਂ ਦੀ ਸਿਫ਼ਤ ਕਰਾਵੇ ਲੋਕੀ ਖੜ੍ਹ-ਖੜ੍ਹ ਦੇਖਣ,
ਨਜ਼ਰ ਨ ਲੱਗੇ ਉਹਨਾਂ ਨੂੰ ਮੈਂ ਅਪਣੇ ਸ਼ਿਅਰ ਚੁਹਾਵਾਂ।

ਉੱਚੇ ਸੁੱਚੇ ਖ਼ਾਬ ਸਜਾਏ ਸੱਚੀ ਲਾਉਂਦਾ ਯਾਰੀ,
ਸ਼ਿਅਰਾਂ ਦੇ ਵਿਚ ਨੂਰ ਬਥੇਰਾ ਦੁਨੀਆ ਨੂੰ ਰੁਸ਼ਨਾਵਾਂ।

ਖ਼ਤ ਘੱਲਾ ਹੈ ਯਾਰ ਮੇਰੇ ਨੇ ਛੇਤੀ ਆ ਜਾ ਲੈ ਜਾ,
ਦਰਦ ਮਿਲੇ ਜੋ 'ਲੋਟੇ' ਕੋਲੋਂ ਦੁਖੜਾ ਕਿੰਝ ਸੁਣਾਵਾਂ।



ਲੋਟੇ

## ਗਾਜ਼ਾ

ਗ਼ਰੂਰ ਹਾਕਮ ਦਾ ਸਿਰ ਚੜ੍ਹ ਗਰਜਿਆ
ਗੁਲਾਮੀ ਜਾਂ ਫਿਰ ਚੁਣ ਲਓ ਗੋਲ਼ੀ
ਅਣਖੀ ਕੌਮਾਂ ਕਿੱਥੇ ਜਿਉਂਦੀਆਂ
ਕਿਸੇ ਅੱਗੇ ਕਦੋਂ ਅੱਡ ਕੇ ਝੋਲੀ।

ਅਮਨ ਤਰੱਕੀ ਕੌਣ ਨਹੀਂ ਚਾਹੁੰਦਾ
ਕਿਉਂ ਜ਼ਿੰਦਗੀ ਬਣ ਜਾਵੇ ਜੇਲ੍ਹ
ਦਿਨ ਦੁਨੀਆਂ 'ਤੇ ਕੱਟਣ ਦੇ ਲਈ
ਕਿਉਂ ਕੋਈ ਜੀਵੇ ਬਣ ਰਖੇਲ।

ਘਰ ਸਕੂਲ ਅਸੂਲ ਸਭ ਝੁਲਸੇ
ਚੁਫ਼ੇਰੇ ਬਿਖਰੀਆਂ ਲਾਸ਼ਾਂ ਹੀ ਲਾਸ਼ਾਂ
ਸੰਗ ਬਾਰੂਦ ਦੇ ਸਮਤਲ ਕਰਕੇ
ਜ਼ਖ਼ਮੀ ਦਿਸਦੀਆਂ ਫਿਰ ਵੀ ਆਸਾਂ।

ਸਭਿਅਕ ਸਮਾਜ ਦੇ ਸਮਿਆਂ ਅੰਦਰ
ਹਰ ਤਰ੍ਹਾਂ ਦੀ ਅਣਹੋਣੀ ਹੋਈ
ਤੜਪਦਾ ਵੇਖ ਧਰਤੀ ਦਾ ਪਿੰਡਾ
ਬੇਵੱਸ ਅੰਬਰ ਦੀ ਅੱਖ ਰੋਈ।

ਸ਼ਰੇਬਜ਼ਾਰ ਮੂੰਹਜ਼ੋਰ ਹਾਕਮ ਨੇ
ਆਣ ਮਰੋੜੀ ਸਮੇਂ ਦੀ ਬਾਂਹ
ਅੱਖਾਂ ਮੀਟ ਕੇ ਕੰਮ ਨਹੀਂ ਚੱਲਣਾ
ਵਸਦੇ ਘਰਾਂ ਤੋਂ ਹੁਣ ਦੂਰੀ ਨਾ।

ਨੰਨ੍ਹੀ ਜਿਹੀ ਉੱਠ ਬੱਚੀ ਨੇ
ਸਮਿਆਂ ਦੇ ਮੱਥੇ ਜੜਿਆ ਪੱਥਰ
ਚੁੱਪ ਦੀ ਕਥਾ 'ਚ ਡੁੱਬਣ ਵਾਲਿਓ
ਤਦਬੀਰ ਐਦਾਂ ਹੈ ਘੜਦੀ ਅੱਖਰ।

ਹਰ ਇੱਕ ਜਿਉਂਦੀ ਅੱਖ ਵੇਖਦੀ
ਤਬਾਹ ਹੋ ਕੇ ਵੀ ਜਿਉਂਦਾ ਗਾਜ਼ਾ
ਤਾਕਤਵਰਾਂ ਦੀ ਧੌਂਸ ਦੇ ਅੱਗੇ
ਐਦਾਂ ਨਹੀਂ ਹੁਣ ਨਿਉਂਦਾ ਗਾਜ਼ਾ।

ਜੰਗ ਜਿੱਤਣੀ ਸੌਖੀ ਨਹੀਂ ਹੁੰਦੀ
ਹਾਕਮ ਢਾਅ ਲੈਣ ਲੱਖ ਕਿਆਮਤ
ਮੁਕਤੀ ਆਪਣੀ ਲਈ ਜੂਝਣ ਵਾਲਾ
ਗਾਜ਼ਾ ਇਤਿਹਾਸ 'ਚ ਰਹੂ ਸਲਾਮਤ।



**ਡਾ. ਮੇਹਰ ਮਾਣਕ**

## ਮੈਂ ਕੁਝ ਸਿੱਖਿਆ ਹੀ ਨਹੀਂ

ਇੰਨੀ ਜਿਆਦਾ ਉਮਰ ਹੋ ਚੁੱਕੀ ਹੈ
ਮੈਂ ਅਜੇ ਤੱਕ ਕੁਝ ਸਿੱਖਿਆ ਹੀ ਨਹੀਂ।
ਸਮੁੰਦਰ ਦੀ ਤਰ੍ਹਾਂ ਆਪਣੀ ਸੀਮਾ ਤੱਕ ਰਹਿ ਨਾ ਸਕਿਆ
ਸਮੁੰਦਰ ਦੀ ਤਰ੍ਹਾਂ ਆਪਣਾ ਵੱਡਾ ਦਿਲ ਕਰਨਾ ਸਕਿਆ।
ਗੰਗਾ ਵਿਚ ਡੁਬਕੀ ਤਾਂ ਲਗਾਈ ਮੈਂ ਬਹੁਤ ਵਾਰ
ਲੇਕਿਨ ਗੰਗਾ ਦੀ ਤਰ੍ਹਾਂ ਮਨ ਨੂੰ ਪਵਿੱਤਰ ਕਰ੍ ਨਾ ਸਕਿਆ।
ਆਪਣੇ ਜੀਵਨ ਵਿੱਚ ਬਦਲਦੇ ਹੋਏ ਮੌਸਮ ਤਾਂ ਦੇਖੇ ਬਹੁਤ
ਪਰ ਆਪਣੇ ਮਨ ਨੂੰ ਮੌਸਮ ਮੁਤਾਬਿਕ ਬਦਲ ਨਾ ਸਕਿਆ
ਪ੍ਰਕਿਰਤੀ ਦੀ ਗੋਦੀ ਵਿੱਚ ਸੁੱਖ ਦਾ ਸਾਹ ਤਾਂ ਲਿਆ ਮੈਂ ਬਹੁਤ
ਆਪਣੇ ਮਨ ਅਤੇ ਕਰਮ ਨੂੰ ਮੈਂ ਸਾਫ ਕਰ੍ ਨਾ ਸਕਿਆ।
ਜਿੱਥੇ ਵੀ ਮੇਰਾ ਦਾਓ ਲੱਗਿਆ ਮੈਂ ਫਾਇਦਾ ਖੂਬ ਉਠਾਇਆ
ਲੇਕਿਨ ਬਦਲੇ ਵਿੱਚ ਕਿਸੇ ਦਾ ਫਾਇਦਾ ਕਰ ਨਾ ਸਕਿਆ।
ਲੋਕਾਂ ਦੇ ਅਹਿਸਾਨ ਥਲੇ ਦਬਿਆ ਹੋਇਆ ਹਾਂ ਮੈਂ ਇਸ ਕਦਰ
ਕਿਸੇ ਦਾ ਭਲਾ ਕਰਕੇ ਆਪਣਾ ਬੋਝ ਮੈਂ ਉਤਾਰ ਨਾ ਸਕਿਆ।
ਮੇਰੇ ਅਣਗਿਣਤ ਪਾਪਾਂ ਦੀ ਗੰਢ ਹੋ ਗਈ ਹੈ ਇਤਨੀ ਭਾਰੀ
ਹੱਥ ਜੋੜ ਕੇ ਰੱਬ ਅੱਗੇ ਮੈਂ ਮਾਫੀ ਮੰਗ ਵੀ ਨਾ ਸਕਿਆ।
ਪਰਮਾਤਮਾ ਨੇ ਬਖਸ਼ੀ ਸੀ ਇਤਨੀ ਜਿਆਦਾ ਉਮਰ ਕਿ
ਜਨਮ ਦੇਣ ਵਾਲੇ ਮਾਪਿਆਂ ਦਾ ਬੋਝ ਉਤਾਰ ਨਾ ਸਕਿਆ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
ਮੋਬਾਈਲ 94 16 35 90 45
ਰੋਹਤਕ 12 40 01 ਹਰਿਆਣਾ



# 20 ਸਾਲਾਂ ਦੀ ਨੌਕਰੀ ਦੇ ਬਾਵਜੂਦ ਆਪਣੇ ਹੱਕਾਂ ਤੋਂ ਵਾਂਝੇ ਹਜਾਰਾਂ ਕੰਪਿਊਟਰ ਅਧਿਆਪਕ 5 ਜੂਨ ਨੂੰ ਲੁਧਿਆਣਾ ਪੱਛਮੀ ਹਲਕੇ ਵਿਖੇ ਕਰਨਗੇ ਰੋਸ ਮਾਰਚ



ਕੰਪਿਊਟਰ ਅਧਿਆਪਕ ਸੰਘਰਸ਼ ਕਮੇਟੀ, ਪੰਜਾਬ ਦੀ ਜ਼ਿਲ੍ਹਾ ਇਕਾਈ ਲੁਧਿਆਣਾ ਦੀ ਇੱਕ ਅਹਿਮ ਮੀਟਿੰਗ ਸੂਬਾ ਆਗੂ/ਜ਼ਿਲ੍ਹਾ ਆਗੂ ਜਸਿਵੰਦਰ ਸਿੰਘ ਦੀ ਅਗਵਾਈ ਵਿੱਚ ਹੋਈ ਜਿਸ ਵਿਚ ਕੰਪਿਊਟਰ ਅਧਿਆਪਕਾਂ ਵੱਲੋਂ 5 ਜੂਨ ਦਿਨ ਵੀਰਵਾਰ ਨੂੰ ਲੁਧਿਆਣਾ ਵਿਖੇ ਕੀਤੀ ਜਾਣ ਵਾਲੀ ਰੋਸ ਰੈਲੀ ਸਬੰਧੀ ਵਿਚਾਰ ਚਰਚਾ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਆਗੂ ਜਸਿਵੰਦਰ ਸਿੰਘ ਨੇ ਦੱਸਿਆ ਕਿ 20 ਸਾਲਾਂ ਦੀ ਸਰਵਿਸ ਪੂਰੀ ਹੋਣ ਦੇ ਬਾਵਜੂਦ ਅਤੇ ਮਾਣਯੋਗ ਹਾਈਕੋਰਟ ਦੇ ਡਬਲ ਬੈਂਚ ਵੱਲੋ 25 ਫਰਵਰੀ 2025 ਦੇ ਕੰਪਿਊਟਰ ਅਧਿਆਪਕਾਂ ਦੇ ਹੱਕ ਵਿੱਚ ਦਿੱਤੇ ਇਤਿਹ-ਾਸਕ ਫੈਸਲੇ ਦੇ ਬਾਵਜੂਦ 6640 ਕੰਪਿਊਟਰ ਅਧਿਆਪਕ ਅੱਜ ਵੀ ਆਪਣੇ ਜਾਇਜ ਹੱਕਾਂ ਤੋਂ ਵਾਂਝੇ ਹਨ। ਕੰਪਿਊਟਰ ਅਧਿਆਪਕ ਪਿਛਲੇ ਲੰਬੇ ਸਮੇਂ ਤੋਂ ਆਪ ਸੁਪਰੀਮੋ ਵੱਲੋ ਚੋਣ ਮੈਨੀਫੇਸਟੋ ਵਿੱਚ ਕੀਤੇ ਐਲਾਨ ਅਤੇ 15 ਸਤੰਬਰ 2022 ਨੂੰ ਸਿੱਖਿਆ ਮੰਤਰੀ ਵੱਲੋਂ ਕੀਤੇ ਅਧਿਕਾਰਤ ਐਲਾਨ ਨੂੰ ਪੂਰਾ ਕਰਵਾਉਣ ਦੀ ਲੜਾਈ ਲੜ ਰਹੇ ਹਨ ਪਰ ਅੱਜ ਤੱਕ ਨਾ ਤਾਂ ਕੰਪਿਊਟਰ ਅਧਿਆਪਕਾਂ ਤੇ ਬਾਕੀ ਮੁਲਾਜਮਾਂ ਵਾਂਗ ਪੰਜਾਬ ਸਿਵਲ ਸਰਵਿਸ ਰੂਲਜ ਲਾਗੂ ਕੀਤੇ ਗਏ ਹਨ, ਨਾ ਛੇਵਾ ਪੇਅ ਕਮਿਸ਼ਨ ਲਾਗੂ ਕੀਤਾ ਗਿਆ ਹੈ ਅਤੇ ਨਾ ਹੀ ਇਸ ਸੰਸਾਰ ਨੂੰ ਅਲਵਿਦਾ ਕਹਿ ਚੁੱਕੇ 107 ਕੰਪਿਊਟਰ ਅਧਿਆਪਕਾਂ ਦੇ ਪਰਿਵਾਰਾਂ ਨੂੰ ਕੋਈ ਵਿੱਤੀ ਲਾਭ ਦਿੱਤਾ ਗਿਆ ਹੈ। ਇੱਥੋ ਤੱਕ ਕਿ 4 ਕੰਪਿਊਟਰ ਅਧਿਆਪਕ ਬਿਨਾਂ ਕਿਸੇ ਵਿੱਤੀ ਲਾਭ ਮਿਲੇ ਆਪਣੀ 58 ਸਾਲ ਦੀ ਉਮਰ ਪੂਰੀ ਹੋਣ ਤੇ ਖਾਲੀ ਹੱਥ ਰਿਟਾਇਰ ਤੱਕ ਹੋ ਚੁੱਕੇ ਹਨ। ਸਰਕਾਰ ਵੱਲੋਂ ਆਪਣਾ ਲਿਆ ਗਿਆ ਰਾਜਨੀਤਿਕ ਫੈਸਲਾ ਕਿ 'ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ ਕੀਤਾ ਜਾਵੇਗਾ' ਨੂੰ ਅਫਸਰਸ਼ਾਹੀ ਦੇ ਦਬਾਅ ਹੇਠ ਲਾਗੂ ਨਹੀਂ ਕੀਤਾ ਜਾ ਰਿਹਾ ਹੈ, ਜਿਸ ਕਾਰਣ ਸੂਬੇ ਭਰ ਦੇ ਕੰਪਿਊਟਰ ਅਧਿਆਪਕਾਂ ਵਿਚ ਭਾਰੀ ਰੋਸ ਹੈ। ਉਨ੍ਹਾਂ ਰੋਸ ਜ਼ਾਹਿਰ ਕਰਦੇ ਹੋਏ ਕਿਹਾ ਕਿ ਸਰਕਾਰ ਵੱਲੋਂ ਲਏ ਗਏ ਆਪਣੇ ਰਾਜਨੀਤਿਕ ਫੈਸਲੇ ਲਾਗੂ ਨਾ ਕਰਨਾ ਲੋਕਤੰਤਰ ਦਾ ਘਾਣ ਹੈ।

ਸਰਕਾਰ ਦੇ ਇਸ ਅੜਿਅਲ ਅਤੇ ਬੇਰੁਖੀ ਵਾਲੇ ਰਵੱਈਏ ਅਤੇ ਸਿੱਖਿਆ ਮੰਤਰੀ ਪੰਜਾਬ ਦੇ 15 ਸਤੰਬਰ ਦੇ ਕੀਤੇ ਐਲਾਨ ਤੋਂ ਲਗਾਤਾਰ ਭੱਜਣ ਕਰਕੇ ਸੰਘਰਸ਼ ਕਮੇਟੀ ਵੱਲੋਂ 5 ਜੂਨ ਨੂੰ ਲੁਧਿਆਣਾ ਵਿਖੇ ਸੂਬਾਈ ਰੈਲੀ ਕਰਨ ਦਾ ਫੈਸਲਾ ਕੀਤਾ ਗਿਆ। ਜਿਸ ਵਿਚ ਸੂਬੇ ਭਰ ਦੇ ਕੰਪਿਊਟਰ ਅਧਿਆਪਕ ਆਪਣੇ ਪਰਿਵਾਰਾਂ ਸਮੇਤ ਸ਼ਮੂਲੀਅਤ ਕਰਦੇ ਹੋਏ ਆਪਣੇ ਹੱਕਾਂ ਦੇ ਲਈ ਆਵਾਜ਼ ਬੁਲੰਦ ਕਰਨਗੇ ਅਤੇ ਡੀਸੀ ਦਫਤਰ ਲੁਧਿਆਣਾ ਤੌ ਐਮ ਐਲ ਏ ਕੈਂਡੀਡੇਟ ਸੰਜੀਵ ਕੁਮਾਰ ਅਰੋੜਾ ਦੇ ਦਫਤਰ ਤੱਕ ਰੋਸ ਮਾਰਚ ਕਰਨਗੇ । ਉਨ੍ਹਾਂ ਦੱਸਿਆ ਕਿ ਇਸ ਐਕਸ਼ਨ ਵਿਚ ਸੂਬੇ ਭਰ ਦੇ ਕੰਪਿਊਟਰ ਅਧਿਆਪਕਾਂ ਦੇ ਨਾਲ ਨਾਲ ਸਾਰੀਆਂ ਭਰਾਤਰੀ ਅਧਿਆਪਕ ਜੱਥੇਬੰਦੀਆਂ, ਮੁਲਾਜ਼ਮ ਫੈਡਰੇਸ਼ਨਜ਼, ਵਿਦਿਆਰਥੀ ਜੱਥੇਬੰਦੀਆਂ, ਸਮੂਹ ਕਿਸਾਨ ਤੇ ਮਜ਼ਦੂਰ ਜੱਥੇਬੰਦੀਆਂ ਅਤੇ ਹੋਰ ਜਨਤਕ ਜੱਥੇਬੰਦੀਆਂ ਵੱਡੀ ਗਿਣਤੀ ਵਿਚ ਸ਼ਿਰਕਤ ਕਰਨਗੀਆਂ। ਉਨ੍ਹਾਂ ਸਾਫ ਕੀਤਾ ਕਿ ਜੇਕਰ ਸਮਾਂ ਰਹਿੰਦੇ ਕੰਪਿਊਟਰ ਅਧਿਆਪਕਾਂ ਦੇ ਹੱਕ ਬਹਾਲ ਨਾ ਕੀਤੇ ਗਏ ਤਾਂ ਉਹ ਸੰਘਰਸ਼ ਨੂੰ ਹੋਰ ਤੇਜ ਕਰ ਦੇਣਗੇ ਅਤੇ ਲੁਧਿਆਣਾ ਜਿਮਨੀ ਚੋਣ ਵਿੱਚ ਪੰਜਾਬ ਸਰਕਾਰ ਦੇ ਹਰ ਮੰਤਰੀ ਦਾ ਘਿਰਾਓ ਕਰਨ ਲਈ ਮਜਬੂਰ ਹੋਣਗੇ ਜਿਸ ਦੀ ਜਿੰਮੇਵਾਰੀ ਸੂਬਾ ਸਰਕਾਰ ਅਤੇ ਸਬੰਧਿਤ ਵਿਭਾਗ ਦੀ ਹੋਵੇਗੀ। ਇਸ ਮੀਟਿੰਗ ਵਿੱਚ ਧਰਿਮੰਦਰ ਸਿੰਘ. ਬਵਲੀਨ ਬੇਦੀ ਹਰਪ੍ਰੀਤ ਕੌਰ, ਨਵਜੋਤ ਸਿੰਘ, ਗੁਰਪ੍ਰੀਤ ਕੌਰ, ਰੰਜਨ ਭਨੋਟ, ਹਰਜਿੰਦਰ ਸਿੰਘ, ਵਰਿੰਦਰ ਸਿੰਘ, ਨਵੀਨ ਸ੍ਰੀਵਾਸਤਵ, ਅਮਿਤ ਕੁਮਾਰ, ਸੌਰਭ ਜੈਨ, ਅਵਤਾਰ ਸਿੰਘ ਖੰਨਾ, ਜਗਮੀਤ ਸਿੰਘ, ਹਰਪਾਲਜੀਤ ਸਿੰਘ, ਅੰਜੂ ਮਾਰਿਟਨ, ਜਸਵੀਰ ਸਿੰਘ, ਅਮਨਦੀਪ ਸਿੰਘ, ਵਰੁਣ ਸ਼ਰਮਾ, ਚਰਨਜੀਤ ਕੌਰ, ਸਿਮਰਨਜੀਤ ਕੌਰ ਰਵਿੰਦਰ ਕੌਰ, ਮੀਨੂੰ ਰਾਣੀ, ਜੋਤੀ ਬਾਲਾ, ਸਰੁਚੀ, ਅਤੇ ਸ਼ਰਨਜੀਤ ਕੌਰ ਜ਼ਿਲ੍ਹਾ ਕਮੇਟੀ ਮੈਂਬਰ ਹਾਜ਼ਰ ਸਨ।

# ਪਿੰਡ ਕਾਹਮਾਂ ਦੀ ਸਮੁੱਚੀ ਟੀਮ ਨੂੰ ਨਾਲ ਲੈ ਕੇ ਕੀਤਾ ਨਿਰੀਖਣ: ਡਾ. ਨਛੱਤਰ ਪਾਲ





**ਨਵਾਂਸ਼ਹਿਰ( ਚਰਨਜੀਤ ਸੱਲ੍ਹਾਂ )** ਹਲਕਾ ਨਵਾਂਸ਼ਹਿਰ ਦੇ ਐਮ ਐਲ ਏ ਡਾਕਟਰ ਨਛੱਤਰ ਪਾਲ ਜੀ ਨੇ ਅਚਨਚੇਤ ਪਹੁੰਚਕੇ ਕੀਤਾ ਪਿੰਡ ਕਾਹਮੇ ਦੇ ਛੱਪੜ ਦਾ ਨਿਰੀਖਣ ਜਿੱਥੇ ਪਿੰਡ ਦੀ ਸਮੁੱਚੀ ਟੀਮ ਅਤੇ ਪੰਚਾਇਤ ਨੂੰ ਨਾਲ ਲੈ ਕੇ ਕੀਤੀ ਗੱਲਬਾਤ ਦੌਰਾਨ ਉਹਨਾਂ ਦੱਸਿਆ ਕਿ ਪੰਜਾਬ ਦੀ ਪਵਿੱਤਰ ਸਦਨ ਦੇ ਅੰਦਰ ਆਪਣੇ ਹਲਕੇ ਵਿੱਚ ਆਉਂਦੇ ਵੱਖ ਵੱਖ ਪਿੰਡਾਂ ਦੇ ਛੱਪੜਾ ਦੀ ਸਫਾ ਸਫਾਈ ਦੀ ਗੱਲ ਰੱਖੀ ਸੀ ਜਿੱਥੇ ਹਲਕੇ ਦੇ ਵਿਚ ਆਉਦੇ ਸਾਰੇ ਵੱਡੇ ਪਿੰਡਾਂ ਦੇ ਵੱਡੇ ਛੱਪੜਾਂ ਨੂੰ ਸਾਫ ਸਫਾਈ ਕਰਨ ਦੀ ਮਨਜ਼ੂਰੀ ਮਿਲਣ ਤੇ ਪਿੰਡ ਕਾਹਮੇ ਦੇ ਇਸ ਛੱਪੜ ਦੀ ਪਹਿਲ ਦੇ ਅਧਾਰ ਤੇ ਸਫਾਈ ਕਰਨ ਦਾ ਕੰਮ ਸ਼ੁਰੂ ਹੋਇਆ ਜਿਸ ਵਿਚ ਵੱਡੀ ਲਾਗਤ ਨਾਲ ਥਾਪਰ ਮਾਡਲ ਰਾਹੀ ਨਵੀਂ ਟੈਕਨੋਲਜੀ ਦੇ ਰੂਪ ਵਿਚ ਖੂਈਆਂ ਗਾਲ ਕੇ ਅਲਗ ਅਲਗ ਲੈਵਲ ਤੇ ਫਿਲਟਰ ਕਰਕੇ ਪਾਣੀ ਛੱਪੜ ਦੇ ਅੰਦਰ ਪਾਇਆ ਜਾਵੇਗਾ ਜਿਸ ਦੇ ਨਾਲ ਛੱਪੜ ਅੰਦਰ ਗੰਦਗੀ ਅਤੇ ਬਦਬੂ ਵੀ ਘੱਟ ਜਾਵੇਗੀ ਜਿਸ ਨਾਲ ਇਸ ਛੱਪੜ ਦੇ ਆਲੇ ਦੁਆਲੇ ਦਾ ਬਾਤਾ ਬਰਨ ਵੀ ਵਧੀਆ ਬਣੀਆਂ ਰਹੇਗਾ ਇਥੇ ਆਉਣ ਤੇ ਜਿਥੇ ਪਿੰਡ ਵਾਸੀਆਂ ਅਤੇ ਪਿੰਡ ਦੀ ਪੰਚਾਇਤ ਨੇ ਐਮਐਲਏ ਡਾਕਟਰ ਨਛੱਤਰ ਪਾਲ ਜੀ ਦਾ ਵਧੀਆ ਉਪਰਾਲਾ ਕਰਨ ਤੇ ਧੰਨਵਾਦ ਵੀ ਕੀਤਾ ਉਥੇ ਹਲਕਾ ਵਿਧਾਇਕ ਡਾਕਟਰ ਨਛੱਤਰ ਪਾਲ ਨੇ ਸ਼ਲਾਗਾ ਕਰਦੇ ਹੋਏ ਕਿਹਾ ਕਿ ਇਸ ਕੰਮ ਨੂੰ ਨੇਪਰੇ ਚਾੜਨ ਲਈ ਪਿੰਡ ਦੀ ਸਮੁੱਚੀ ਟੀਮ ਅਤੇ ਪਿੰਡ ਦੀ ਪੰਚਾਇਤ ਦਾ ਬਹੁਤ ਵੱਡਾ ਯੋਗਦਾਨ ਹੈ ਜਿਸ ਤੋਂ ਬਿਨਾਂ ਇਹ ਸਭ ਅਧੂਰਾ ਸੀ ਇਸ ਮੋਕੇ ਹਲਕਾ ਵਿਧਾਇਕ ਡਾਕਟਰ ਨਛੱਤਰ ਪਾਲ ਦੇ ਨਾਲ ਸਰਬਜੀਤ ਜਾਫਰਪੁਰ, ਰਸ਼ਪਾਲ ਮਹਾਲੋਂ ਵਿਧਾਨ ਸਭਾ ਪ੍ਰਧਾਨ, ਗੁਰਮੁੱਖ ਨੌਰਥ ਵਾਈਸ ਪ੍ਰਧਾਨ ਨਗਰ ਕੌਂਸਲ ਨਵਾਂਸ਼ਹਿਰ,ਸੁਰਜੀਤ ਕਰੀਆ, ਣਬਿਜੇ ਸਰਪੰਚ,ਣਡੀਓ ਦਨੇਸ਼ ਕੁਮਾਰ, ਨਵੀਨ ਕੁਮਾਰ, ਬਲਵਿੰਦਰ ਮੰਗਵਾਲ, ਬਿੰਦਾ ਪੰਚ, ਸੋਖੀ ਪੰਚ,ਪਰਮਜੀਤ, ਰਾਜਵੀਰ, ਜਸਵਿੰਦਰ ਸਿੰਘ, ਦੇਸ ਰਾਜ, ਰਾਮ ਪ੍ਰਕਾਸ਼, ਦਵਿੰਦਰ ਪਾਲ,ਸ਼ੀਤਲ ਰਾਮ, ਲਖਵੀਰ ਰਾਮ, ਓਕਾਰ ਸਿੰਘ, ਅਸ਼ਵਨੀ ਕੁਮਾਰ, ਅਤੇ ਹੋਰ ਸਾਥੀ ਵੀ ਹਾਜਰ ਸਨ।

for more news visit:
www.samajweekly.com

# ਨਿਊ ਯੌਰਕ ਵਿੱਖੇ ਇਟਰਨੈਸ਼ਨਲ ਬੋਧੀਸਤੱਵ ਗੁਰੂ ਰਵੀਦਾਸ ਆਰਗੇਨਾਈਜੇਸ਼ਨ ਵਲੋਂ ਯੂਨਾਇਟੇਡ ਨੇਸ਼ਨ ਸਾਹਮਣੇ ਸ਼ਾਂਤੀ ਮਾਰਚ ਕੀਤਾ ਗਿਆ





**ਨਿਊ ਯੌਰਕ :-** ਅਮਰੀਕਾ ਦੇ ਮੰਨੇ ਪ੍ਰਮੰਨੇ ਸ਼ਹਿਰ ਨਿਊ ਯੌਰਕ ਵਿੱਖੇ ਅੰਬੇਡਕਰਾਈਟਸ ਬੋਧੀਆਂ ਵਲੋਂ ਇੱਕ ਜੂਨ ਦਿਨ ਐਤਵਾਰ ਨੂੰ ਯੂਨਾਇਟੇਡ ਨੇਸ਼ਨ ਮੂਹਰੇ ਬੋਧ ਗਯਾ ਦੇ ਮਹਾਬੋਧੀ ਮਹਾਵਿਹਾਰ ਨੂੰ ਲੈ ਕੇ ਸ਼ਾਂਤੀ ਮਾਰਚ ਕੀਤਾ ਗਿਆ ਹੈ ਜਿਸ ਵਿੱਚ ਕਾਫੀ ਦੂਰ ਦੂਰ ਤੋਂ ਸਾਥੀਆਂ ਨੇ ਭਾਗ ਲਿਆ। ਸ਼ਾਂਤੀ ਮਾਰਚ ਵਿੱਚ ਬੁਲਾਰਿਆਂ ਨੇ ਬੋਲਦਿਆਂ ਮਨੂੰਵਾਦੀ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਬੋਧੀਆਂ ਦੇ ਜੋ ਧਾਰਮਿਕ ਸਥਾਨ ਸੰਵਿਧਾਨਿਕ ਤੋਰ ਉੱਤੇ ਬੋਧੀਆਂ ਦੇ ਕੋਲ ਹੋਣੇ ਚਾਹੀਦੇ ਸਨ, ਪਰ ਮਨੂੰਵਾਦੀ ਸਰਕਾਰਾਂ ਨੇ ਭਾਰਤ ਵਿੱਚ ਦੇਸ਼ ਅਜਾਦ ਹੋਣ ਤੋਂ ਬਾਅਦ ਵੀ ਬੋਧੀਆਂ ਦੇ ਧਾਰਮਿਕ ਸਥਾਨ ਆਪਣੇ ਕਬਜੇ ਵਿੱਚ ਰੱਖੇ ਹੋਏ ਹਨ, ਉਹ ਧਾਰਮਿਕ ਸਥਾਨ ਜਲਦੀ ਤੋ ਜਲਦੀ ਬੋਧੀਆਂ ਦੇ ਹਵਾਲੇ ਕੀਤੇ ਜਾਣ, ਨਹੀ ਕਰਨ ਦੀ ਸੂਰਤ ਵਿੱਚ ਬੋਧੀਆਂ ਵਿੱਚ ਰੋਸ ਪੈਦਾ ਹੋ ਸਕਦਾ ਹੈ ਜਿਸ ਦੇ ਸਿੱਟੇ ਵਜੋਂ ਭਾਰਤ ਵਿੱਚ ਹਾਲਾਤ ਵਿਗੜ ਸਕਦੇ ਹਨ । ਅਸੀਂ ਭਾਰਤ ਸਰਕਾਰ ਨੂੰ ਯੂਨਾਇਟੇਡ ਨੇਸ਼ਨ ਦੁਆਰਾ ਅਪੀਲ ਕਰਦੇ ਹਾਂ ਕਿ ਜਲਦੀ ਤੋਂ ਜਲਦੀ ਇਸ ਵਿਸ਼ੇ ਉੱਪਰ ਵਿਚਾਰ ਕਰਕੇ ਪੁਰਾਣੇ ਕਾਨੂੰਨ (BT Act 1949) ਭੰਗ ਕਰਕੇ ਨਵੇਂ ਕਨੂੰਨਾਂ ਤਹਿਤ ਬੋਧੀਆਂ ਦੇ ਆਪਣੇ ਧਾਰਮਿਕ ਸਥਾਨ ਉਨਾਂ ਦੇ ਹਵਾਲੇ ਕੀਤੇ ਜਾਣ, ਅਸੀਂ ਆਪ ਜੀ ਦੇ ਧੰਨਵਾਦੀ ਹੋਵਾਂਗੇ । ਬੁਲਾਰਿਆਂ ਨੇ ਕਿਹਾ ਕਿ ਜੇਕਰ ਜਲਦੀ ਤੋਂ ਜਲਦੀ ਬੋਧੀਆਂ ਦੇ ਧਾਰਮਿਕ ਸਥਾਨ ਉਨਾਂ ਨੂੰ ਨਾ ਮਿਲੇ ਤਾ ਅਸੀਂ ਜਲਦੀ ਹੀ ਇੰਟਰਨੈਸ਼ਨਲ ਕੋਰਟ ਦਾ ਦਰਵਾਜਾ ਖੜਕਾਵਾਂਗੇ।

# ਪ੍ਰਸ਼ਾਸਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਸਟੈਚੂ ਅਪਮਾਨ ਦੇ ਮਸਲੇ ਨੂੰ ਸੰਜੀਦਗੀ ਨਾਲ ਲਵੇ- ਅੰਮ੍ਰਿਤਪਾਲ ਭੌਂਸਲੇ

**ਫਿਲੌਰ/ ਜਲੰਧਰ**



ਪਿੰਡ ਨੰਗਲ ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਸਟੈਂਚੂ ਦੇ ਨਿਰਾਦਰ ਦੇ ਮਸਲੇ ਨੂੰ ਪ੍ਰਸ਼ਾਸਨ ਸੰਜੀਦਗੀ ਨਾਲ ਲਵੇ ਤਾਂ ਜੋ ਭਵਿੱਖ ਵਿੱਚ ਅਜਿਹੀ ਘਟਨਾ ਨਾ ਵਾਪਰੇ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਦਲਿਤ ਸਮਾਜ ਪੰਜਾਬ ਦੇ ਆਗੂ ਅੰਮ੍ਰਿਤਪਾਲ ਭੌਂਸਲੇ ਫਿਲੌਰ ਨੇ ਕਿਹਾ ਕਿ ਬਾਬਾ ਸਾਹਿਬ ਅੰਬੇਡਕਰ ਜੀ ਨੇ ਇਸ ਦੇਸ਼ ਸੰਵਿਧਾਨ ਵਿੱਚ ਹਰੇਕ ਸਮਾਜ ਦੇ ਅਤੇ ਹਰੇਕ ਵਰਗ ਦੇ ਲੋਕਾਂ ਨੂੰ ਬਰਾਬਰ ਦੇ ਹੱਕ ਦਿੱਤੇ ਅਤੇ ਨਾਰੀ ਜਾਤੀ ਅਤੇ ਸਮੁੱਚੀ ਮਨੁੱਖਤਾ ਦੇ ਭਲੇ ਲਈ ਆਪਣਾ ਸਰਬੰਸ ਵਾਰਿਆ ਉਨ੍ਹਾਂ ਦਾ ਵਾਰ ਵਾਰ ਅਪਮਾਨ ਕੀਤਾ ਜਾਣਾ ਚਿੰਤਾ ਦਾ ਵਿਸ਼ਾ ਹੈ। ਸ੍ਰੀ ਭੌਂਸਲੇ ਦੱਸਿਆ ਕਿ ਅੱਜ ਸਮੂਹ ਗੁਰੂ ਰਵਿਦਾਸ ਸਭਾਵਾਂ ਤੇ ਅੰਬੇਡਕਰੀ ਜੱਥੇਬੰਦੀਆਂ ਦਾ ਵਫ਼ਦ ਸਥਾਨਕ ਡੀਐਸਪੀ ਫਿਲੌਰ ਸ. ਸਰਬਣ ਸਿੰਘ ਬੱਲ ਨੂੰ ਮਿਲਿਆ ਅਤੇ ਪੁਲਿਸ ਪ੍ਰਸ਼ਾਸਨ ਵਲੋਂ ਕੀਤੀ ਜਾ ਰਹੀ ਜਾਂਚ ਕਿਥੇ ਪੁੱਜੀ ਦਾ ਪਤਾ ਕੀਤਾ ਅਤੇ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਜਲਦ ਦੋਸ਼ੀਆਂ ਦੀ ਭਾਲ ਨਾ ਕੀਤੀ ਤਾਂ ਸਾਨੂੰ ਸੂਬਾ ਪੱਧਰੀ ਅੰਦੋਲਨ ਲਈ ਮਜ਼ਬੂਰ ਹੋਣਾ ਪਵੇਗਾ। ਉਨ੍ਹਾਂ ਸਮਾਜ ਨੂੰ ਵੱਡੀ ਲਾਮਬੰਦੀ ਦਾ ਸੱਦਾ ਦਿੰਦਿਆਂ ਕਿਹਾ ਕਿ ਸਾਨੂੰ ਇਕੱਠੇ ਹੋ ਕੇ ਸਰਕਾਰ ਦੇ ਨੱਕ ਵਿੱਚ ਦਮ ਕਰਨਾ ਚਾਹੀਦਾ ਹੈ ਜੋ ਇਸ ਮਸਲੇ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ ਤਾਂ ਹੀ ਇਹੋ ਜਿਹੀਆਂ ਘਟਨਾਵਾਂ ਵਾਪਰੀਆਂ ਹਨ। ਸ੍ਰੀ ਭੌਂਸਲੇ ਨੇ ਦੱਸਿਆ ਕਿ 4 ਜੂਨ ਨੂੰ ਪਿੰਡ ਨੰਗਲ ਤੋਂ ਠੀਕ 5 ਵਜੇ ਇਕ ਰੋਸ ਮਾਰਚ ਕੱਢਿਆ ਜਾਵੇਗਾ। ਉਨ੍ਹਾਂ ਜੱਥੇਬੰਦੀਆਂ ਵਲੋਂ ਸਾਂਝੇ ਤੌਰ ਤਹਿਸੀਲ ਫਿਲੌਰ ਦੇ ਲੋਕਾਂ ਅਪੀਲ ਕੀਤੀ ਕਿ ਉਹ ਕੱਲ੍ਹ ਦੇ ਰੋਸ ਪ੍ਰਦਰਸ਼ਨ ਵਿੱਚ ਵੱਧ ਤੋਂ ਵੱਧ ਸ਼ਾਮਲ ਹੋਣ। ਇਸ ਮੌਕੇ ਸਰਵ ਸ੍ਰੀ ਤਾਰਾ ਚੰਦ ਜੱਖੂ, ਰਜਿੰਦਰ ਕਜ਼ਲੇ ਵਾਇਸ ਪ੍ਰਧਾਨ ਪੰਜਾਬ ਅੰਬੇਡਕਰ ਸੈਨਾ ਆਫ਼ ਇੰਡੀਆ, ਜਗਤਾਰ ਚੰਦ ਸਾਬਕਾ ਸਰਪੰਚ, ਬਾਬੂ ਸੋਹਣ ਲਾਲ, ਸੰਜੀਵ ਭੌਰਾ, ਮਨੋਜ ਸੰਧੂ, ਜਰਨੈਲ ਫਿਲੌਰ, ਮਨੋਜ ਸੰਧੂ, ਦੇਸ ਰਾਜ ਮੱਲ੍ਹ, ਦਲਬੀਰ, ਪਰਮਾਨੰਦ ਆਦਿ ਹਾਜ਼ਰ ਸਨ।

# ਬੋਧੀਸਤਵ ਡਾ: ਬਾਬਾ ਸਾਹਿਬ ਅੰਬੇਡਕਰ ਪਬਲਿਕ ਸਕੂਲ, ਤਾਲੁਕਾ ਚਿਮੂਰ, ਜਿਲਾ ਚੰਦਰਪੁਰ (ਮਹਾਰਾਸ਼ਟਰ) ਦੇ ਸੁਚਾਰੂ ਕੰਮਕਾਜ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਮੀਟਿੰਗ ਕੀਤੀ ਗਈ









**ਚਿਮੂਰ (ਸਮਾਜ ਵੀਕਲੀ)** – ਐਤਵਾਰ, 1 ਜੂਨ 2025 ਨੂੰ, ਬੋਧੀਸਤਵ ਡਾ. ਬਾਬਾ ਸਾਹਿਬ ਅੰਬੇਡਕਰ ਪਬਲਿਕ ਸਕੂਲ, ਤਾਲੁਕਾ ਚਿਮੂਰ, ਜ਼ਿਲ੍ਹਾ ਚੰਦਰਪੁਰ (ਮਹਾਰਾਸ਼ਟਰ) ਦੇ ਸਰਗਰਮ ਮੈਂਬਰਾਂ ਨੇ ਪ੍ਰਕਾਸ਼ ਵਾਨਖੇੜੇ ਦੀ ਪ੍ਰਧਾਨਗੀ ਹੇਠ ਦੁਪਹਿਰ 12.00 ਵਜੇ ਮੀਟਿੰਗ ਕੀਤੀ ਅਤੇ ਹੁਣ ਤੱਕ ਕੀਤੇ ਗਏ ਕੰਮ ਦੀ ਸਮੀਖਿਆ ਕੀਤੀ। ਖਰਚੇ ਦਾ ਬਜਟ ਕੇਂਦਰੀ ਕਮੇਟੀ ਦੇ ਸਾਹਮਣੇ ਪੇਸ਼ ਕੀਤਾ ਗਿਆ ਅਤੇ ਇਸਨੂੰ ਪੜ੍ਹ ਕੇ ਮਨਜ਼ੂਰੀ ਦਿੱਤੀ ਗਈ। ਸੰਸਥਾ ਵੱਲੋਂ ਸੈਸ਼ਨ 2025-26 ਤੋਂ ਸ਼ੁਰੂ ਕੀਤੀ ਜਾਣ ਵਾਲੀ ਨਰਸਰੀ ਕਲਾਸ ਸ਼ੁਰੂ ਕਰਨ ਲਈ ਸਕੂਲ ਬੱਸ ਦੀ ਜ਼ਰੂਰਤ ਨੂੰ ਦੇਖਦੇ ਹੋਏ, ਬਹੁਤ ਸਾਰੇ ਲੋਕਾਂ ਨੇ ਇਸ ਵਿਚਾਰ ਦਾ ਸਮਰਥਨ ਕੀਤਾ। ਫਰਨੀਚਰ, ਖੇਡ ਉਪਕਰਣ, ਵਰਦੀਆਂ, ਸਕੂਲੀ ਕਿਤਾਬਾਂ ਅਤੇ ਹੋਰ ਜ਼ਰੂਰੀ ਸਮੱਗਰੀ ਖਰੀਦਣ ਲਈ ਯੋਜਨਾ ਬਣਾਉਣ ਅਤੇ ਪ੍ਰਬੰਧ ਕਰਨ ਅਤੇ ਸਕੂਲ ਸ਼ੁਰੂ ਕਰਨ ਲਈ ਜ਼ਰੂਰੀ ਸਟਾਫ ਨਿਯੁਕਤ ਕਰਨ ਦਾ ਫੈਸਲਾ ਕੀਤਾ ਗਿਆ। ਇੱਕ ਕਾਰਜਕਾਰੀ ਬੋਰਡ ਸਥਾਪਤ ਕੀਤਾ ਗਿਆ। ਇਹ ਕਾਰਜਕਾਰੀ ਬੋਰਡ ਭਵਿੱਖ ਦੇ ਸਾਰੇ ਕੰਮ ਨੂੰ ਸੰਭਾਲੇਗਾ। ਇਹ ਕਾਰਜਕਾਰੀ ਬੋਰਡ ਦੋ ਸਾਲਾਂ ਲਈ ਹੋਵੇਗਾ। ਮੀਟਿੰਗ ਦਾ ਕੰਮ ਇਸ ਤਰ੍ਹਾਂ ਸਮਾਪਤ ਹੋਇਆ। ਮੀਟਿੰਗ ਦੀ ਸ਼ੁਰੂਆਤ ਵਿੱਚ, ਤਥਾਗਤ ਗੌਤਮ ਬੁੱਧ ਅਤੇ ਪੀ.ਪੀ. ਬੋਧੀਸਤਵ ਡਾ. ਬਾਬਾ ਸਾਹਿਬ ਅੰਬੇਡਕਰ ਦੀ ਮੂਰਤੀ ਨੂੰ ਫੁੱਲ ਭੇਟ ਕੀਤੇ ਗਏ ਅਤੇ ਤ੍ਰਿਸ਼ਰਨ ਪੰਚਸ਼ੀਲ ਲਿਆ। ਮੀਟਿੰਗ ਵਿੱਚ ਮਾਣਯੋਗ ਗਾਈਡ ਬਲਵੰਤ ਥਾਵਰੇ, ਮੁੱਖ ਮਹਿਮਾਨ ਰੂਪਰਾਜ ਗੌਰੀ, ਮਾਣਯੋਗ ਲਕਸ਼ਮਣ ਦੂਬੇ, ਮਾਣਯੋਗ ਸੁਧੀਰ ਅਲੋਨ ਮੌਜੂਦ ਸਨ। ਪ੍ਰਕਾਸ਼ ਮੇਸ਼ਰਾਮ ਨੇ ਸਮਾਗਮ ਦਾ ਸੰਚਾਲਨ ਕੀਤਾ। ਪ੍ਰਹਿਲਾਦ ਬੋਰਕਰ ਨੇ ਕੰਮ ਸੰਭਾਲਿਆ। ਪ੍ਰਿੰਸੀਪਲ ਸਿਧਾਰਥ ਜਿਲਟੇ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:

## HOMOEOPATHIC HEALTH CLINIC (DERBY) REGD.




(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoeas), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ (NERVE TONIC) ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

### ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC ... (VARICOCELE) ...

### ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')

INFORMATION ... 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89
ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES) ... (FLABBY & OUT OF SHAPE BELLY) ... FLAT ... TONED ... £69
ਨੁਸਖਾ ਨੰਬਰ 5 (IN CAPSULES) ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... (VAGINAL LUBRICATION GEL I (MAGIC)) £49
ਨੁਸਖਾ ਨੰਬਰ 7 (IN CAPSULES) ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES) ... £59
ਨੁਸਖਾ ਨੰਬਰ 9 (IN CAPSULES) ... £59
ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP £59
ਨੁਸਖਾ ਨੰਬਰ 11 (IN TABLETS) ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS) ... (SPECIAL OCCASIONS) ... £89
ਨੁਸਖਾ ਨੰਬਰ 13 (IN VIALS) ... £89
ਨੁਸਖਾ ਨੰਬਰ 14 (IN TABLETS) ... SEXUAL ... MALE DISORDERS ... £69

### ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders) ...

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE, MRS. JASWINDER KAUR KHANBA BSYA. (HOM.) (A.P.) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), ... (Tonsilits), ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ... (Epilepsy) ...

### ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

PILAES (IN OINTMENT) ... £19
NURALACO (IN OINTMENT OR LOTION) ... £19
CHILLAGA (IN OINTMENT OR LOTION) ... £19
ARNSTRA (IN OINTMENT) ... (SPRAINS) ... (BED SORES) ... £19
BELINFLA (IN OIL OR OINTMENT) ... £19
BELULCE (IN OIL) ... ULCERS ... £19
BRYJOIN (IN OIL) ... £19
CALWOUN (IN OIL OR OINTMENT) ... £19
BURCAN (IN LOTION OR OINTMENT) ... £19
ROUTUM (IN OINTMENT) ... £19
JOINRHU (IN OIL) ... £19
ABSSIL (IN LOTION) ... £19
ITCSUL (IN OIL) ... £19
WARTHU (IN OIL) ... (WARTS) ... £19

* HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**

M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,

236, BLAGREAVES LANE, LITTLEOVER, DERBY. DE23 1PS, U.K.

Tel/FAX: 00 44 (0)+1332-72 72 42 Mobile: 00 44 (0)+7973-85 10 12

www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਅਸਲ ਦੇ ਵਿੱਚ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੀ ਮੂਰਤੀ ਤੋੜਨ ਦੇ ਕਾਰਨ

ਅਸਲ ਦੇ ਵਿੱਚ ਬਾਬਾ ਸਾਹਿਬ ਜੀ ਦੀ ਮੂਰਤੀ ਤੋੜਨਾ ਜਾਂ ਓਹਨਾ ਦੀ ਨਿਦਿਆ ਕਰਨੀ ਹੁਣ ਅੱਜ ਦੇ ਸਮੇਂ ਵਿੱਚ ਕੋਈ ਵੱਡੀ ਗੱਲ ਨਹੀਂ ਰਹੀ। ਭਾਵੇਂ ਵਿਸ਼ਾ ਸੰਵਿਧਾਨ ਬਦਲਣਾ ਜਾਂ ਉਸਦੇ ਪੰਨੇ ਜਲਾਉਣ ਦਾ ਹੋਵੇ। ਅੱਜ ਧਰਨੇ ਲਗਾ ਕੇ ਮਾਫੀ ਮੰਗਵਾ ਲਈ ਜਾਂ ਜੇਲ ਭੇਜ ਦੇਵਾਂਗੇ ਪਰ ਦੂਜੇ ਦਿਨ ਫਿਰ ਉਹੀ ਕੰਮ । ਸਾਨੂੰ ਇਸ ਦੇ ਪਿੱਛੇ ਛੁਪੇ ਕਾਰਣ ਦੀ ਤਹਿ ਤੱਕ ਜਾਣ ਚਾਹੀਦਾ ਹੈ ਅਤੇ ਮੰਥਨ ਕਰਨਾ ਚਾਹੀਦਾ ਹੈ। ਜਿੱਥੇ ਤੱਕ ਮੇਰੀ ਥੋੜ੍ਹੀ ਬਹੁਤ ਸਮਝ ਹੈ ਤਾਂ ਮੈਨੂੰ ਲਗਦਾ ਹੈ ਇਨ੍ਹਾਂ ਬੇ- ਅਦਬੀਆਂ ਵਿੱਚ ਉਨੀ ਗਲਤੀ ਸਾਡੀ ਮਤਲਬ ਬਹੁਜਨ ਸਮਾਜ ਦੀ ਵੀ ਜਿੰਨੀ ਮਨੂੰਵਾਦੀ ਮੂਰਤੀ ਤੋੜਨ ਵਾਲਿਆਂ ਦੀ, ਜਿਸ ਦਾ ਮੁੱਖ ਕਾਰਨ ਹੈ, ਬਹੁਜਨ ਸਮਾਜ ਦਾ ਆਪਣੀ ਮੂਲ ਵਿਚਾਰਧਾਰਾ ਤੋ ਬੇ-ਮੁੱਖ ਹੋਣਾ ਅਤੇ ਗੈਰ ਸਮਾਜ ਦੀ ਵਿਚਾਰਧਾਰਾ ਦੀ ਗੁਲਾਮੀ ਕਰਨਾ । ਸਾਡੇ ਵੱਖਰੇ ਧਰਮ ਸਨ ਅਤੇ ਵੱਖਰੇ ਵੱਖਰੇ ਵਿਚਾਰ, ਰਹਿਬਰ ਕੀ ਕਹਿ ਕੇ ਗਏ ਇਹ ਕੋਈ ਮਤਲਬ ਨਹੀਂ ਰੱਖਦਾ।



ਤੁਸੀ ਜਰਾ ਆਪਣੇ ਆਲੇ ਦੁਆਲੇ ਝਾਤ ਮਾਰ ਕੇ ਵੇਖੋ ਕਿ ਜਿਹੜੇ ਮਹਾਂਪੁਰਸ਼ਾ ਦੀ ਵਿਚਾਰਧਾਰਾ ਦੇ ਸਮਾਜ ਦੇ ਲੋਕ ਅੱਜ ਇਕੱਠੇ ਹਨ ਕਿ ਉਹਨਾਂ ਦੇ ਦੂਜੇ ਕੁ ਦਿਨ ਅਜਿਹੇ ਇਸ਼ੂ ਬਣਦੇ ਹਨ ? ਨਿੱਤ ਬੇਅਦਬੀਆਂ ਹੁੰਦੀਆਂ ਹਨ? ਮੂਰਤੀਆਂ ਤੋੜੀਆਂ ਜਾਂਦੀਆਂ ਹਨ? ਗ੍ਰੰਥ ਜਲਾਏ ਜਾਂ ਪਾੜੇ ਜਾਂਦੇ ਹਨ ? ਜਵਾਬ ਮਿਲੇਗਾ ਨਹੀਂ ਜਾਂ ਬਹੁਤ ਘੱਟ ਪਰ ਕਿਉਂ? ਇਸਦਾ ਮੁੱਖ ਕਾਰਨ ਓਹਨਾ ਦੀ ਆਪਸੀ ਭਾਈਚਾਰਕ ਏਕਤਾ ਅਤੇ ਵਿਚਾਰਧਾਰਾ ਦੇ ਨਾਲ ਫੈਵੀਕੋਲ ਵਰਗਾ ਪੱਕਾ ਜੋੜ ਅਤੇ ਉਹਨਾਂ ਦਾ ਆਪਣੇ ਮਹਾਂ ਪੁਰਸ਼ਾ ਤੇ ਵਿਚਵਾਸ਼, ਜਿਸ ਕਾਰਨ ਕਿਸੇ ਦੀ ਜੁਰਅੱਤ ਤੱਕ ਨਹੀਂ ਪੈਂਦੀ ਕਿ ਉਹਨਾਂ ਦੀ ਧੀ ਭੈਣ ਵੱਲ ਕੋਈ ਅੱਖ ਚੁੱਕ ਲਵੇ, ਗ੍ਰੰਥਾਂ ਨੂੰ ਕੋਈ ਹੱਥ ਲਾ ਦੇਵੇ ਜਾਂ ਕੋਈ ਮੂਰਤੀ ਨੂੰ ਹੱਥ ਲਾ ਦੇਵੇ।

**ਅੰਤ;** - ਸਾਨੂੰ ਆਪਣੇ ਮਹਾਪੁਰਸ਼ਾ ਦੇ ਦਰਸਾਏ ਵਿਗਿਆਨਕ ਮਾਰਗ ਤੇ ਬਿਨਾ ਕਿੰਤੂ ਪ੍ਰੰਤੂ ਕੀਤੇ ਚੱਲਣਾ ਚਾਹੀਦਾ ਹੈ ਤਾਂ ਹੀ ਅਤੇ ਸ਼ਾਸ਼ਕ ਕਰਤਾ ਜਮਾਤ ਬਣ ਪਾਵਾਂਗੇ ਜਦੋਂ ਇੱਕ ਸੋਚ,ਇੱਕ ਵਿਚਾਰ,ਇੱਕ ਧਰਮ ਹੋਵੇਗਾ ਕਿਸੇ ਦੀ ਜੁਰਅੱਤ ਨਹੀਂ ਕਿ ਉਹ ਬਹੁਜਨ ਸਮਾਜ ਦੀ ਕਿਸੇ ਧੀ ਭੈਣ ਵੱਲ ਅੱਖ ਚੁੱਕ ਲਵੇ ਜਾਂ ਵਿਚਾਰਧਾਰਾ,ਸੰਵਿਧਾਨ ਅਤੇ ਮੂਰਤੀਆਂ ਤੋੜਨ ਬਾਰੇ ਸੋਚ ਵੀ ਲਵੇ ।

**ਜੈ ਭੀਮ ਨਮੋ ਬੁਧਾਏ**
**ਇੰਜ ਵਿਸ਼ਾਲ ਖੈਰਾ।**

# ਪਿਛਲੇ ਲਗਭਗ ਤਿੰਨ ਦਹਾਕਿਆਂ ਤੋਂ ਸਟੇਟ ਐਵਾਰਡੀ ਅਧਿਆਪਕ ਸੰਜੀਵ ਧਰਮਾਣੀ ਕਰ ਰਹੇ ਨੇ ਪਸ਼ੂ - ਪੰਛੀਆਂ ਦੀ ਸੇਵਾ

**ਸ੍ਰੀ ਅਨੰਦਪੁਰ ਸਾਹਿਬ**
ਜਿੱਥੇ ਅੱਜ ਦੇ ਸਮੇਂ ਵਿੱਚ ਹਰ ਕੋਈ ਆਪਣੇ ਆਪ ਵਿੱਚ ਮਸਤ ਹੈ ਅਤੇ ਆਪਣੇ ਪਰਿਵਾਰ ਤੱਕ ਹੀ ਸੀਮਿਤ ਹੈ ਉੱਥੇ ਹੀ ਸਟੇਟ ਐਵਾਰਡੀ ਅਧਿਆਪਕ ਸੰਜੀਵ ਧਰਮਾਣੀ ਹਰ ਵਾਰ ਦੀ ਤਰ੍ਹਾਂ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਜੰਗਲਾਂ ਵਿੱਚ ਤੇ ਹੋਰ ਥਾਵਾਂ 'ਤੇ ਜਾ ਕੇ ਜਿੱਥੇ ਪਿਆਸੇ ਪੰਛੀਆਂ ਨੂੰ ਪਾਣੀ ਪਿਲਾ ਰਹੇ ਹਨ ਉੱਥੇ ਹੀ ਉਹਨਾਂ ਲਈ ਦਾਣਾ ਵੀ ਪਾ ਰਹੇ ਹਨ। ਉਹਨਾਂ ਗੱਲਬਾਤ ਦੌਰਾਨ ਦੱਸਿਆ ਕਿ ਜਿੱਥੇ ਸਾਰੇ ਹੀ ਇੰਨੀ ਗਰਮੀ ਦੇ ਵਿੱਚ ਪਹਾੜਾਂ ਵਿੱਚ ਘੁੰਮਣ ਅਤੇ ਸੈਰ ਕਰਨ ਜਾ ਰਹੇ ਹਨ ਉੱਥੇ ਹੀ ਉਹਨਾਂ ਵੱਲੋਂ ਇੰਨੀ ਭਿਅੰਕਰ ਗਰਮੀ ਵਿੱਚ ਸ਼ਿਵਾਲਕ ਦੀਆਂ ਪਹਾੜੀਆਂ ਤੇ ਹੋਰ ਜੰਗਲਾਂ ਵਿੱਚ ਜਿੱਥੇ ਕਿ ਪਸ਼ੂ - ਪੰਛੀ ਪਾਣੀ ਦੀ ਬੂੰਦ - ਬੂੰਦ ਲਈ ਤਰਸ ਰਹੇ ਹਨ ਉਹਨਾਂ ਵੱਲੋਂ ਜੰਗਲਾਂ 'ਚ ਥੋੜ੍ਹੀ - ਥੋੜ੍ਹੀ ਦੂਰੀ 'ਤੇ ਪੰਛੀਆਂ ਲਈ ਮਿੱਟੀ ਦੇ ਸਕੋਰੇ ਰੱਖ ਪਾਣੀ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਅਤੇ ਇਸ ਦੇ ਨਾਲ ਹੀ ਕਿਉਂਕਿ ਸਾਰੇ ਹੀ ਦਰਖਤ ਅਤੇ ਝਾੜੀਆਂ ਗਰਮੀ ਕਾਰਨ ਸੁੱਕ ਗਏ ਹਨ ਤਾਂ ਪੰਛੀਆਂ ਨੂੰ ਭੁੱਖ ਤੋਂ ਬਚਾਉਣ ਲਈ ਉਹਨਾਂ ਵੱਲੋਂ ਦਾਣੇ ਵੀ ਪਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪਰਮਾਤਮਾ ਦੀ ਕਿਰਪਾ ਦੇ ਨਾਲ਼ ਉਹ ਸੰਨ 1995 ਤੋਂ ਆਪਣੇ ਪਾਸੋਂ







ਖਰਚ ਕਰਕੇ ਨਿਰੰਤਰ ਪੰਛੀਆਂ ਦੀ ਸੇਵਾ ਕਰਦੇ ਆ ਰਹੇ ਹਨ ਤੇ ਇਹ ਸਭ ਕਰਕੇ ਉਨ੍ਹਾਂ ਨੂੰ ਅਥਾਹ ਖੁਸ਼ੀ ਪ੍ਰਾਪਤ ਹੁੰਦੀ ਹੈ। ਉਹ ਸਾਰਾ ਸਾਲ ਪੰਛੀਆਂ ਲਈ ਦਾਣਾ - ਪਾਣੀ ਪਾਉਂਦੇ ਹਨ। ਇਸਦੇ ਨਾਲ਼ ਹੀ ਗਰਮੀ ਜਾਂ ਅੱਗ ਨਾਲ਼ ਸੁੱਕੇ ਰੁੱਖਾਂ ਨੂੰ ਮੁੜ ਹਰਾ ਕਰਨ ਲਈ ਤੇ ਹੋਰ ਰੁੱਖਾਂ ਨੂੰ ਗਰਮੀ ਤੋਂ ਬਚਾਉਣ ਲਈ ਜੰਗਲਾਂ ਵਿੱਚ ਜਾ ਕੇ ਪਾਣੀ ਵੀ ਪਾਉਂਦੇ ਰਹਿੰਦੇ ਹਨ। ਇਸ ਤੋਂ ਇਲਾਵਾ ਪੌਦੇ ਲਗਾ ਕੇ ਤੇ ਉਨ੍ਹਾਂ ਦੀ ਸੰਭਾਲ ਕਰਕੇ ਵਾਤਾਵਰਨ ਬਚਾਉਣ ਲਈ ਵੀ ਉਹ ਤਤਪਰ ਰਹਿੰਦੇ ਹਨ। ਮਾਸਟਰ ਸੰਜੀਵ ਧਰਮਾਣੀ ਵੱਲੋਂ ਕੀਤੇ ਜਾ ਰਹੇ ਇਸ ਕਾਰਜ ਦੀ ਜਿੱਥੇ ਇਲਾਕੇ ਵਿੱਚ ਚਰਚਾ ਹੋ ਰਹੀ ਹੈ ਉੱਥੇ ਹੀ ਹਰ ਕੋਈ ਇਸ ਕੰਮ ਦੀ ਪ੍ਰਸ਼ੰਸਾ ਕਰ ਰਿਹਾ ਹੈ ਕਿ ਜਿੱਥੇ ਮਨੁੱਖ ਕੁਦਰਤ ਦਾ ਵਿਨਾਸ਼ ਕਰ ਰਿਹਾ ਹੈ ਉੱਥੇ ਹੀ ਅਜਿਹੇ ਇਨਸਾਨ ਜੋ ਕੁਦਰਤ ਨਾਲ ਜੁੜ ਕੇ ਵਾਤਾਵਰਨ ਦੀ ਰੱਖਿਆ ਕਰ ਰਹੇ ਹਨ ਤੇ ਬੇਜਵਾਨ ਪਸ਼ੂ - ਪੰਛੀਆਂ ਨੂੰ ਭੋਜਨ - ਪਾਣੀ ਦਾ ਪ੍ਰਬੰਧ ਕਰਕੇ ਮਾਨਵਤਾ ਲਈ ਬਹੁਤ ਵਧੀਆ ਕੰਮ ਕਰ ਰਹੇ ਹਨ। ਸਟੇਟ ਅਵਾਰਡੀ ਮਾਸਟਰ ਸੰਜੀਵ ਧਰਮਾਣੀ ਜਿੱਥੇ ਆਪਣੀਆਂ ਕਵਿਤਾਵਾਂ ਅਤੇ ਕਹਾਣੀਆਂ ਨਾਲ ਲੋਕਾਂ ਨੂੰ ਜੀਵ - ਜੰਤੂਆਂ ਦੀ ਰੱਖਿਆ ਕਰਨ ਅਤੇ ਵਾਤਾਵਰਨ ਦੀ ਸੰਭਾਲ ਕਰਨ ਲਈ ਜਾਗਰੂਕ ਕਰ ਰਹੇ ਹਨ , ਉੱਥੇ ਹੀ ਉਹ ਆਪ ਮਾਨਵਤਾ ਅਤੇ ਵਾਤਾਵਰਨ ਦੀ ਭਲਾਈ ਲਈ ਕੰਮ ਕਰਕੇ ਦੂਜਿਆਂ ਲਈ ਪ੍ਰੇਰਨਾ ਦਾ ਸਰੋਤ ਬਣ ਰਹੇ ਹਨ।

# ਸ. ਮਹਿੰਦਰ ਸਿੰਘ ਧਾਮੀ ਐਨ ਆਰ ਆਈ ਉੱਘੇ ਸਮਾਜ ਸੇਵਕ ਕੈਲੀਫੋਰਨੀਆ ਅਮਰੀਕਾ ਦਾ ਸਨਮਾਨ ਕੀਤਾ ਗਿਆ

**ਬੰਗਾ (ਚਰਨਜੀਤ ਸੱਲ੍ਹਾਂ)** ਸ. ਮਹਿੰਦਰ ਸਿੰਘ ਧਾਮੀ ਐਨ.ਆਰ. ਆਈ. ਉੱਘੇ ਸਮਾਜ ਸੇਵਕ ਕੈਲੀਫੋਰਨੀਆ ਅਮਰੀਕਾ ਦੇ ਸ੍ਰੀ ਗੁਰੂ ਰਵਿਦਾਸ ਮਿਸ਼ਨ ਚੈਰੀਟੇਬਲ ਹਸਪਤਾਲ ਥਾਂਦੀਆਂ ਵਿਖੇ ਪਹੁੰਚਣ 'ਤੇ ਹਸਪਤਾਲ ਦੇ ਸਟਾਫ ਵਲੋਂ ਸਿਰੋਪਾਓ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਸ. ਧਾਮੀ ਵਲੋਂ ਹਸਪਤਾਲ ਨੂੰ ਚਲਾਉਣ ਲਈ ਆਪ ਅਤੇ ਐਨ.ਆਰ. ਆਈਜ ਵੀਰਾਂ ਨੂੰ ਉਤਸ਼ਾਹਿਤ ਕਰਕੇ ਵੱਧ ਤੋਂ ਵੱਧ ਫੰਡ ਇਕੱਠਾ ਕਰਕੇ ਵੱਧ ਚੜ ਕੇ ਯੋਗਦਾਨ ਪਾਇਆ । ਉਨਾ ਕਿਹਾ ਕਿ ਐਨ.ਆਰ.ਆਈ ਵੀਰਾਂ ਦੇ ਯਤਨਾ ਸਦਕਾ ਸਮਾਜ ਦੀ ਸੇਵਾ ਕਰਨ ਵਿੱਚ ਤੱਤਪਰ ਰਹਿਣਗੇ ,ਸਟਾਫ ਅਤੇ ਦਵਾਈਆਂ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੋਕੇ ਡਾ. ਨਾਮਦੇਵ ਬੰਗੜ ਸੇਵਮੁਕਤ



ਐਸ.ਐਮ.ਓ ,ਸ੍ਰੀ ਲਲਿਤ ਮਹਾਜਨ ਮੈਨੇਜਰ,ਡਾ. ਬਲਬੀਰ ਸਿੰਘ ਬੱਲ , ਸ੍ਰੀ ਕਿਰਪਾਲ ਸਿੰਘ ਝੱਲੀ ਸੇਵਾ-ਮੁਕਤ ਜਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ,, ਡਾ. ਵਿਸ਼ਾਲਜੀਤ ਸਿੰਘ, ਸ੍ਰੀ ਸੰਤੋਖ ਦਾਸ ਸੇਵਾਮੁਕਤ ਪ੍ਰਿੰਸੀਪਲ, ਡਾ. ਮੁਕੇਸ਼ ਕੁਮਾਰ, ਡਾ. ਰਵਿੰਦਰ ਸਿੰਘ, ਡਾ. ਹਰਜੋਤ ਰੰਧਾਵਾ, ਡਾ. ਸਾਗਰਿਕਾ, ਬਲਦੇਵ ਸਿੰਘ ਵਿਰਦੀ ਸੇਵਾ ਮੁਕਤ ਮੈਨੇਜਰ , ਸ੍ਰੀ ਮਨੋਹਰ ਲਾਲ ਬਹਿਰਾਮ ਅਤੇ ਹੋਰ ਸਟਾਫ ਹਾਜਰ ਸਨ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਦੇ ਮੈਂਬਰਾਂ ਦੀ ਆਪਸੀ ਏਕਤਾ ਜਥੇਬੰਦੀ ਦੀ ਸਭ ਤੋਂ ਵੱਡੀ ਤਾਕਤ ਹੈ: ਡਾਕਟਰ ਕਟਾਰੀਆ, ਡਾਕਟਰ ਅਮ੍ਰਿਤ ਲਾਲ





**ਬੰਗਾ( ਚਰਨਜੀਤ ਸੱਲ੍ਹਾਂ)** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਬਲਾਕ ਬੰਗਾ ਵਲੋਂ ਐਸੋਸੀਏਸ਼ਨ ਦੀ 28ਵੀ ਵਰ੍ਹੇਗੰਢ ਮਨਾਈ ਗਈ। ਇਸ ਸਮਾਗਮ ਵਿੱਚ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਬਲਾਕ ਬੰਗਾ ਦੇ ਸਮੂਹ ਮੈਂਬਰਾਂ ਵੱਲੋਂ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਅਤੇ ਬਲਾਕ ਪ੍ਰਧਾਨ ਡਾਕਟਰ ਅਮ੍ਰਿਤ ਲਾਲ ਫਰਾਲਾ ਦੀ ਅਗਵਾਈ ਹੇਠ ਐਸੋਸੀਏਸ਼ਨ ਦਾ ਝੰਡਾ ਲਹਿਰਾਇਆ ਗਿਆ ਅਤੇ ਕੇਕ ਕੱਟਿਆ ਗਿਆ। ਇਸ ਸਮੇਂ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਅਤੇ ਬਲਾਕ ਪ੍ਰਧਾਨ ਡਾਕਟਰ ਅਮ੍ਰਿਤ ਲਾਲ ਫਰਾਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਇੱਕ ਜੁਝਾਰੂ ਜਥੇਬੰਦੀ ਹੈ ਜੋ ਜਦੋਂ ਤੋਂ ਹੋਂਦ ਵਿੱਚ ਆਈ ਹੈ ਆਪਣੇ ਮੈਂਬਰਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਦੀ ਹੋਈ ਉਹਨਾਂ ਦੀਆਂ ਮੰਗਾਂ ਲਈ ਡੱਟ ਕੇ ਪਹਿਰਾ ਦਿੰਦੀ ਆਈ ਹੈ। ਜਥੇਬੰਦੀ ਦੀ ਸਭ ਤੋਂ ਵੱਡੀ ਤਾਕਤ ਇਸ ਦੇ ਮੈਂਬਰਾਂ ਦੀ ਆਪਸੀ ਏਕਤਾ ਅਤੇ ਆਪਣੇ ਕਿੱਤੇ ਨੂੰ ਬਚਾਉਣ ਲਈ ਤਨ ਮਨ ਧਨ ਨਾਲ ਹਰ ਸੰਘਰਸ਼ ਕਰਨ ਦੀ ਸਮਰੱਥਾ ਹੈ। ਭਾਵੇਂ ਅੱਜ ਤੱਕ ਦੇਸ਼ ਦੀ ਕਿਸੇ ਵੀ ਸਰਕਾਰ ਨੇ ਜਾਂ ਪੰਜਾਬ ਦੀ ਕਿਸੇ ਵੀ ਪਾਰਟੀ ਦੀ ਸਰਕਾਰ ਨੇ ਮੈਡੀਕਲ ਪ੍ਰੈਕਟੀਸ਼ਨਰਜ਼ ਦੇ ਮਸਲੇ ਨੂੰ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਪਰ ਫਿਰ ਵੀ ਐਸੋਸੀਏਸ਼ਨ ਦੇ ਸੰਘਰਸ਼ ਦੀ ਵਜ੍ਹਾ ਨਾਲ ਇਸ ਦਾ ਹਰ ਇੱਕ ਮੈਂਬਰ ਆਮ ਲੋਕਾਂ ਨੂੰ ਸਸਤੀਆਂ ਸਿਹਤ ਸਹੂਲਤਾਂ ਪ੍ਰਦਾਨ ਕਰ ਰਿਹਾ ਹੈ। ਇਸ ਸਮਾਗਮ ਵਿੱਚ ਬੇਦੀ ਮਲਟੀ ਸਪੈਸ਼ਲਿਸਟ ਹਸਪਤਾਲ ਚੰਡੀਗੜ੍ਹ ਰੋਡ ਨਵਾਂਸ਼ਹਿਰ ਤੋਂ ਡਾਕਟਰ ਸ਼ੈਲਜਾ ਬੇਦੀ ਅਤੇ ਡਾਕਟਰ ਰਮਨਦੀਪ ਕੌਰ ਨੇ ਪਹੁੰਚ ਕੇ ਮੈਂਬਰਾਂ ਨੂੰ ਵੱਖ ਵੱਖ ਬੀਮਾਰੀਆਂ ਵਾਰੇ ਅਤੇ ਉਨ੍ਹਾਂ ਦੇ ਇਲਾਜ ਲਈ ਰੋਕਥਾਮ ਵਾਰੇ ਭਰਪੂਰ ਜਾਣਕਾਰੀ ਦਿੱਤੀ। ਇਸ ਸਮੇਂ ਡਾਕਟਰ ਅਨੂੰਪਿੰਦਰ ਸਿੰਘ, ਡਾਕਟਰ ਸੀਤਾ ਰਾਮ, ਡਾਕਟਰ ਗੁਰਮੇਲ ਮਜਾਰੀ, ਡਾਕਟਰ ਧਰਮਪਾਲ ਬੱਗਾ, ਡਾਕਟਰ ਸ਼ਿੰਦਰਪਾਲ ਹੀਰਾ, ਡਾਕਟਰ ਚਰਨਜੀਤ ਸੱਲਾਂ, ਡਾਕਟਰ ਰਤਨ ਸਿੰਘ, ਡਾਕਟਰ ਗੁਰਦੀਪ ਸਿੰਘ, ਡਾਕਟਰ ਹਰਦੀਪ ਸਿੰਘ, ਡਾਕਟਰ ਅਮਨਦੀਪ ਸਿੰਘ, ਡਾਕਟਰ ਨਰਿੰਦਰ ਸਿੰਘ, ਡਾਕਟਰ ਗੁਰਨਾਮ ਸਿੰਘ, ਡਾਕਟਰ ਲੇਖਰਾਜ ਸੂੰਢ, ਡਾਕਟਰ ਮੰਗਾ ਝਿੱਕਾ, ਡਾਕਟਰ ਸੁਧੀਰ ਕੁਮਾਰ ਅਤੇ ਡਾਕਟਰ ਅਸ਼ੋਕ ਗਾਬਾ ਆਦਿ ਮੈਂਬਰ ਹਾਜ਼ਰ ਸਨ।

# ਸਾਰੇ ਦੇਸ਼ ਦੀ ਸਿੱਖਿਆ ਇਕਸਾਰ ਤੇ ਇਕੋ ਜਿਹੀ ਹੋਣੀ ਚਾਹੀਦੀ ਹੈ - ਪ੍ਰਿੰਸੀਪਲ ਜਗਦੀਸ਼ ਰਾਏ, ਪ੍ਰਧਾਨ ਸੋਨੀ





**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਅੱਜ ਸਿੱਖਿਆ ਵਿੱਚ ਵਿਖਰੇਵਾਂਪਨ ਹੀ ਸਾਡੇ ਸਮਾਜ ਵਿੱਚ ਵਿਤਕਰੇ ਦੀ ਭਾਵਨਾ ਨੂੰ ਪੈਦਾ ਕਰ ਰਿਹਾ ਹੈ। ਇਸ ਵਿੱਚ ਇਕਸਾਰਤਾ ਦਾ ਹੋਣਾ ਬਹੁਤ ਜਰੂਰੀ ਹੈ ,ਇਹ ਵਿਚਾਰ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਅਤੇ ਮੁੱਖ ਬੁਲ-ਾਰਾ ਪ੍ਰਿੰਸਿਪਲ ਜਗਦੀਸ਼ ਰਾਏ ਨੇ ਸਾਂਝੇ ਤੌਰ ਤੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਰੱਖੇ। ਉਹਨਾ ਕਿਹਾ ਕਿ ਅੱਜ ਸਾਡੇ ਦੇਸ਼ ਸਿੱਖਿਆ ਦਾ ਮਿਆਰ ਬਹੁਤ ਹੀ ਹੇਠਲੇ ਪੱਧਰ ਦਾ ਹੋ ਗਿਆ ਹੈ,ਜਿਸ ਦਾ ਮੁੱਖ ਕਾਰਨ ਮੁੱਢਲੀ ਸਿੱਖਿਆ ਵਿੱਚ ਵਿਖਰੇਵਾਂਪਨ ਹੈ। ਅੱਜ ਸਾਡੇ ਸੂਬੇ ਵਿੱਚ ਸਿੱਖਿਆ ਦੇ ਵਿੱਚ ਮੁੱਖ ਤੌਰ ਤੇ ਤਿੰਨ ਪ੍ਰਕਾਰ ਦੇ ਬੋਰਡ ਸਿੱਖਿਆ ਦੀ ਅਗਵਾਈ ਕਰ ਰਹੇ ਹਨ, ਪਹਿਲਾ ਪੀ. ਐਸ. ਈ.ਬੀ. ਦੂਜਾ ਸੀ. ਬੀ. ਐਸ .ਈ ਅਤੇ ਤੀਸਰਾ ਆਈ. ਸੀ ਐਸ.ਈ. ਇਹਨਾ ਤਿੰਨਾਂ ਦੇ ਪੱਧਰ ਵਿੱਚ ਜ਼ਮੀਨ ਆਸਮਾਨ ਦਾ ਫਰਕ ਹੈ ਅਤੇ ਵਿਦਿਆਰਥੀ ਵਰਗ ਅਤੇ ਮਾਪਿਆਂ ਲਈ ਇਹਨਾਂ ਵਿਚੋਂ ਮੁੱਢਲੀ ਸਿੱਖਿਆ ਲਈ ਚੋਣ ਕਰਨਾ ਬਹੁਤ ਕੰਡਿਆ ਦੀ ਸੇਜ ਤੇ ਚੱਲਣ ਵਰਗੇ ਹਾਲਾਤ ਬਣੇ ਹੋਏ ਹਨ। ਮਾਪੇ ਅਤੇ ਵਿਦਿਆਰਥੀ ਨੂੰ ਆਪਣੇ ਭਵਿੱਖ ਲਈ ਸਿੱਖਿਆ ਦੀ ਚੋਣ ਕਰਦੇ ਸਮੇਂ ਵਪਾਰੀਕਰਨ ਵਰਗੇ ਹਾਲਾਤਾਂ ਚੋ ਹੋ ਕੇ ਗੁਜਰਨਾ ਪੈਂਦਾ ਹੈ ,ਜੋਕਿ ਬਹੁਤ ਹੀ ਮੰਦਭਾਗਾ ਹੈ। ਸਾਡੀਆਂ ਕੇਂਦਰ ਅਤੇ ਸੂਬਾ ਸਰਕਾਰਾਂ ਸਿੱਖਿਆ ਦੇ ਸੁਧਾਰ ਲਈ ਦਾਅਵੇ ਅਤੇ ਵਾਅਦੇ ਤਾਂ ਜਰੂਰ ਕਰਦੀਆ ਹਨ ਪਰ ਉਸ ਵਿਚਾਰ ਸੁਧਾਰ ਹੋਣ ਦੀ ਬਜਾਏ ਇਸ ਦਾ ਵਪਾਰੀਕਰਨ ਜਿਆਦਾ ਵਧ ਗਿਆ ਹੈ । ਜਿਸ ਕਾਰਨ ਮਾਪਿਆਂ ਅਤੇ ਬੱਚਿਆਂ ਦੀ ਲੁੱਟ ਖਸੁੱਟ ਅੰਨੇਵਾਹ ਹੋਣ ਲੱਗ ਪਈ ਹੈ ਅਤੇ ਵਿਦਿਆਰਥੀ ਵਰਗ ਮਾਨਸਿਕ ਤਣਾਅ ਦੀ ਬਿਮਾਰੀ ਨਾਲ ਗ੍ਰਸਤ ਹੋ ਰਿਹਾ ਹੈ। ਬੁੱਧੀਜੀਵੀਆਂ ਦੇ ਪਿਛਲੇ ਦਸ ਸਾਲਾਂ ਦੇ ਸਰਵੇ ਅਨੁਸਾਰ ਲੱਗਭਗ ਇਕ ਲੱਖ ਦੇ ਕਰੀਬ ਬੱਚਿਆਂ ਨੇ ਖੁਦਕੁਸ਼ੀ ਕਰਕੇ ਅਪਣੀ ਜੀਵਨ ਲੀਲਾ ਸਮਾਪਤ ਕਰ ਲਈ ਹੈ । ਜਿਸ ਕਾਰਨ ਇਸ ਨਫਰੀ ਦਾ ਔਸਤਨ ਰੋਜ਼ਾਨਾ ਪ੍ਰਤੀਸ਼ਤ 35 ਤੋ 40 ਬੱਚੇ ਹਰ ਰੋਜ ਇਸ ਅਣਆਈ ਮੌਤ ਦਾ ਕਾਰਨ ਬਣਦੇ ਹਨ। ਇਸ ਸਮੱਸਿਆ ਨੂੰ ਗੰਭੀਰਤਾ ਨਾਲ ਨਾ ਲਿਆ ਗਿਆ ਤਾਂ ਇਹ ਨਫਰੀ ਹੋਰ ਵੀ ਭਿਆਨਕ ਰੂਪ ਧਾਰਨ ਕਰ ਸਕਦੀ ਹੈ। ਇਸ ਵਲ੍ਹ ਵਿਸ਼ੇਸ਼ ਤੌਰ ਤੇ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਇਸ ਪ੍ਰੈਸ ਨੋਟ ਦੇ ਮਾਧਿਅਮ ਰਾਹੀਂ ਕੇਂਦਰ ਅਤੇ ਸੂਬਾ ਸਰਕਾਰਾਂ ਕੋਲੋਂ ਇਹ ਮੰਗ ਕਰਦੀ ਹੈ ਕਿ ਸਿੱਖਿਆ ਦੇ ਸੁਧਾਰ ਅਤੇ ਸਕੂਲੀ ਬੱਚਿਆਂ ਦੀ ਸਿੱਖਿਆ ਸਬੰਧੀ ਸਮੱਸਿਆ ਨੂੰ ਦੇਖਦੇ ਹੋਏ ਪਹਿਲੀ ਤੋ ਦਸਵੀਂ ਤੱਕ ਦੀ ਸਿਖਿਆ ਦੇ ਸਿਲੇਬਸ ਵਿੱਚ ਇਕਸਾਰਤਾ ਲਿਆਂਦੀ ਜਾਵੇ ਅਤੇ ਸਾਰੇ ਸਕੂਲਾਂ ਵਿੱਚ ਚਾਹੇ ਇਹ ਕੇਂਦਰ ਦੇ ਸਿੱਖਿਆ ਅਦਾਰੇ ਹੋਣ ਜਾ ਓਹ ਸੂਬੇ ਦੇ ਸਿੱਖਿਆ ਦੇ ਅਦਾਰੇ ਹੋਣ ਇਕ ਹੀ ਪੈਟਰਨ ਰਾਹੀਂ ਮੁੱਢਲੀ ਸਿੱਖਿਆ ਦੀ ਪੜ੍ਹਾਈ ਕਰਵਾਈ ਜਾਵੇ। ਤਾਂ ਜੋਂ ਨਿੱਜੀ ਸਕੂਲਾਂ ਵਿੱਚ ਮਾਪਿਆਂ ਅਤੇ ਬੱਚਿਆਂ ਦੇ ਹੋ ਰਹੇ ਸੋਸ਼ਣ ਨੂੰ ਰੋਕਿਆ ਜਾ ਸਕੇ। ਅਤੇ ਸਿਖਿਆ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀ ਬਜਾਏ ਸਰਕਾਰ ਆਪ ਇਸ ਦੀ ਪੂਰੀ ਪੂਰੀ ਜ਼ਿੰਮੇਵਾਰੀ ਲਵੇ।ਤਾਂ ਜੋਂ ਨਿੱਜੀ ਸਕੂਲਾਂ ਵਿੱਚ ਮਾਪਿਆਂ ਅਤੇ ਬੱਚਿਆਂ ਦੇ ਹੋ ਰਹੇ ਸੋਸ਼ਣ ਨੂੰ ਰੋਕਿਆ ਜਾ ਸਕੇ।

# ਸਮੇਂ ਨਾ.ਲ ਬਦਲੀ ਦੋਸਤੀ (ਮਿੰਨ੍ਹੀ ਕਹਾਣੀ)



ਉਸ ਨੂੰ ਗੀਤ ਸੰਗੀਤ ਸੁਣਨ ਦਾ ਸ਼ੌਕ ਸੀ । ਮਾਂ ਪਿਓ ਬਾਰੇ ਲਿਖੇ / ਗਾਏ ਗੀਤਾਂ ਨੂੰ ਉਹ ਜ਼ਿਆਦਾ ਪਸੰਦ ਕਰਦਾ ਸੀ । ਟ੍ਰੈਕਟਰ ਦੀ ਟੇਪ ਉੱਤੇ ਉਹ ਸਭ ਤੋਂ ਵੱਧ ਜਿਹੜਾ ਗੀਤ ਵਜਾਉਂਦਾ ਸੀ , ਉਹ ਵੀ ਬਾਪੂ ਨਾ.ਲ ਯਾਰੀ ਬਾਰੇ ਸੀ , ਜਿਸ ਦੇ ਬੋਲ ਸਨ -----

" ਮੈਂ ਇੱਕੀਆਂ ਸਾਲਾਂ 'ਚ ਯਾਰ ਬਹੁਤ ਬਣਾਏ , ਕੋਈ ਯਾਰੀ ਨਈਓਂ ਬਾਪੂ ਜੀ ਦੀ ਯਾਰੀ ਵਰਗੀ ।

ਬਾਈਵਾਂ ਸਾਲ ਚੜ੍ਹਦਿਆਂ ਹੀ ਉਸ ਦਾ ਵਿਆਹ ਹੋ ਗਿਆ ਤਾਂ ਪੰਜਾਬੀ ਦੀ ਉਹ ਲੋਕ ਬੋਲੀ ਪੂਰੀ ਤਰ੍ਹਾਂ ਸੱਚ ਸਾਬਤ ਹੋ ਗਈ ।

" ਨਵਿਆਂ ਦੇ ਸੰਗ ਰਲ਼ ਕੇ ,
ਭੁੱਲ ਜਾਂਦੇ ਨੇ ਯਾਰ ਪੁਰਾਣੇ । "

ਅੱਜ ਕੱਲ੍ਹ ਉਸ ਦਾ ਓਹੀ ਬਾਪੂ ਬਿਰਧ ਆਸ਼ਰਮ ਵਿੱਚ ਰਹਿਣ ਲਈ ਮਜ਼ਬੂਰ ਹੈ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ**
**। 9914836037**

# ਸੱਤਾਧਾਰੀ ਧਿਰ ਦੇ ਦਬਾਅ ਹੇਠ ਪੁਲਿਸ ਨੇ ਸਰਪੰਚ ਤੇ ਗੁਰੂ ਘਰ ਪ੍ਰਧਾਨ 'ਤੇ ਝੂਠਾ ਚੋਰੀ ਦਾ ਮਾਮਲਾ ਦਰਜ ਕੀਤਾ

**● ਹਲਕਾ ਕਰਤਾਰਪੁਰ ਵਿੱਚ ਸੱਤਾਧਾਰੀ ਧਿਰ ਵੱਲੋਂ ਆਮ ਲੋਕਾਂ 'ਤੇ ਪਾਏ ਜਾ ਰਹੇ ਝੂਠੇ ਪਰਚੇ : ਐਡਵੋਕੇਟ ਬਲਵਿੰਦਰ ਕੁਮਾਰ ● ਪਿੰਡ ਧਾਲੀਵਾਲ ਕਾਦੀਆਂ ਦੇ ਸਰਪੰਚ ਤੇ ਗੁਰੂਘਰ ਦੇ ਪ੍ਰਧਾਨ 'ਤੇ ਝੂਠਾ ਚੋਰੀ ਦਾ ਪਰਚਾ ਦਰਜ ਕੀਤੇ ਜਾਣ ਤੇ ਇੱਕ ਵਿਅਕਤੀ ਨੂੰ ਨਜਾਇਜ਼ ਤੌਰ 'ਤੇ ਜੇਲ੍ਹ ਭੇਜਣ ਦਾ ਮਾਮਲਾ**

**ਜਲੰਧਰ।** ਹਲਕਾ ਕਰਤਾਰ-ਪੁਰ ਵਿੱਚ ਪੈਂਦੇ ਪਿੰਡ ਧਾਲੀਵਾਲ ਕਾਦੀਆਂ ਦੇ ਸਰਪੰਚ ਮਨਦੀਪ ਕੁਮਾਰ, ਗੁਰੂ ਘਰ ਦੇ ਪ੍ਰਧਾਨ ਧਰਮਪਾਲ ਦੇ ਸਮਰਥਨ ਵਿੱਚ ਆਏ ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ ਨੇ ਕਿਹਾ ਕਿ ਹਲਕਾ ਕਰਤਾਰਪੁਰ ਵਿੱਚ ਸੱਤਾਧਾਰੀ ਧਿਰ ਵੱਲੋਂ ਲਗਾਤਾਰ ਧੱਕੇਸ਼ਾਹੀ ਕੀਤੀ ਜਾ ਰਹੀ ਹੈ ਤੇ ਆਮ ਲੋਕਾਂ 'ਤੇ ਝੂਠੇ ਪਰਚੇ ਪਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੱਤਧਾਰੀ ਧਿਰ ਵੱਲੋਂ ਧਾਲੀਵਾਲ ਕਾਦੀਆਂ ਗੁਰੂ ਘਰ ਦੇ ਪ੍ਰਧਾਨ ਧਰਮਪਾਲ, ਪਿੰਡ ਦੇ ਮੌਜੂਦਾ ਸਰਪੰਚ ਮਨਦੀਪ ਕੁਮਾਰ ਅਤੇ ਉਨ੍ਹਾਂ ਦੇ ਸਾਥੀਆਂ 'ਤੇ ਸਿਰਫ ਇਸ ਕਰਕੇ ਚੋਰੀ ਦਾ ਝੂਠਾ ਪਰਚਾ ਦਰਜ ਕਰਾਇਆ ਗਿਆ ਹੈ ਤਾਂ ਕਿ ਧਰਮਪਾਲ ਨੂੰ ਗੁਰੂ ਘਰ ਦੀ ਪ੍ਰਧਾਨਗੀ ਤੋਂ ਧੱਕੇ ਨਾਲ ਹਟਾਇਆ ਜਾ ਸਕੇ ਤੇ ਸੱਤਾਧਾਰੀ ਧਿਰ ਨਾਲ ਸੰਬੰਧਿਤ ਕਿਸੇ ਵਿਅਕਤੀ ਨੂੰ ਪ੍ਰਧਾਨ ਬਣਾਇਆ ਜਾ ਸਕੇ।

ਅੱਜ ਪ੍ਰੈੱਸ ਕਲੱਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਬਸਪਾ ਆਗੂ ਨੇ ਕਿਹਾ ਕਿ ਸੱਤਾਧਾਰੀ ਧਿਰ ਇੰਨੇ ਹੇਠਲੇ ਪੱਧਰ 'ਤੇ ਆ ਗਈ ਹੈ ਕਿ ਪਿੰਡ ਦੇ ਗੁਰੂ ਘਰ ਦੀਆਂ ਪ੍ਰਧਾਨਗੀਆਂ ਲਈ ਵੀ ਲੋਕਾਂ ਨੂੰ ਦਬਾਇਆ ਜਾ ਰਿਹਾ ਹੈ ਅਤੇ ਉਨ੍ਹਾਂ 'ਤੇ ਝੂਠੇ ਪਰਚੇ ਪਾਏ ਜਾ ਰਹੇ ਹਨ। ਪਿੰਡ ਧਾਲੀਵਾਲ ਕਾਦੀਆਂ ਦੇ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਦੇ ਪ੍ਰਧਾਨ ਧਰਮਪਾਲ ਹਨ, ਪਰ ਸੱਤਾਧਾਰੀ ਧਿਰ ਦੇ ਬੰਦਿਆਂ ਵੱਲੋਂ ਪਿੰਡ ਦੀ ਸੰਗਤ ਦੀ ਸਹਿਮਤੀ ਤੋਂ ਬਿਨਾਂ ਉਨ੍ਹਾਂ ਨੂੰ ਧੱਕੇ ਨਾਲ ਲਾਹੁਣ ਦੀ ਕੋਸ਼ਿਸ਼ ਕੀਤੀ ਗਈ। ਇਸ ਨੂੰ ਲੈ ਕਿ ਉੱਥੇ ਤਕਰਾਰ ਹੋ ਗਈ। ਪਰ ਥਾਣਾ ਲਾਂਬੜਾ ਪੁਲਿਸ ਨੇ ਪਹਿਲਾਂ ਇਕਤਰਫਾ ਕਾਰਵਾਈ ਕਰਦਿਆਂ ਪਿੰਡ ਦੇ ਸਰਪੰਚ ਜਿਹੜੇ ਲਗਾਤਾਰ ਦੂਜੀ ਵਾਰ ਸਰਪੰਚ ਬਣੇ ਹਨ ਅਤੇ ਪਹਿਲਾਂ ਉਹ ਪੰਚਾਇਤ ਮੈਂਬਰ ਰਹੇ ਹਨ, ਉਨ੍ਹਾਂ 'ਤੇ ਅਤੇ ਉਨ੍ਹਾਂ ਨਾਲ ਗੁਰੂ ਘਰ ਦੇ ਪ੍ਰਧਾਨ ਧਰਮਪਾਲ ਸਮੇਤ 9 ਬੰਦਿਆਂ 'ਤੇ ਨਾਮ ਸਹਿਤ ਅਤੇ ਹੋਰ ਅਣਪਛਾਤੇ ਲੋਕਾਂ 'ਤੇ ਸੱਤਾਧਾਰੀ ਧਿਰ ਨਾਲ ਸਬੰਧਤ ਭਰਤ ਸਰੋਏ ਦੇ




ਬਿਆਨਾਂ 'ਤੇ ਝੂਠਾ ਚੋਰੀ ਦਾ ਪਰਚਾ ਐਫਆਈਆਰ ਨੰਬਰ 38/25 ਧਾਰਾ 303 (2), 351( 2), 190 ਬੀਐਨਐਸ ਤਹਿਤ ਦਰਜ ਕਰ ਦਿੱਤਾ ਕਿ ਸਰਪੰਚ ਤੇ ਉਸਦੇ ਸਾਥੀਆਂ ਨੇ ਉਸਦੀ ਜੇਬ ਵਿੱਚੋਂ 50 ਹਜ਼ਾਰ ਰੁਪਏ ਕੱਢੇ ਹਨ।

ਇਸ ਸਬੰਧੀ ਜਦੋਂ ਐਸਐਸਪੀ ਦਿਹਾਤੀ ਨੂੰ ਮਿਲੇ ਤਾਂ ਪੁਲਿਸ ਨੇ ਜਾਂਚ ਕਰਕੇ ਚੋਰੀ ਦੀ ਧਾਰਾ 303 ਨੂੰ ਹਟਾ ਦਿੱਤਾ ਕਿ 50 ਹਜ਼ਾਰ ਕੱਢਣ ਦੀ ਕੋਈ ਗੱਲ ਨਹੀਂ।

ਪਰ ਸੱਤਾਧਾਰੀ ਧਿਰ ਦੇ ਪ੍ਰਭਾਵ ਹੇਠ ਥਾਣਾ ਲਾਂਬੜਾ ਦੇ ਐਸਐਚਓ ਬਲਬੀਰ ਸਿੰਘ ਤੇ ਡੀਐਸਪੀ ਕਰਤਾਰਪੁਰ ਵਿਜੈ ਕੁੰਵਰ ਨੇ ਮੁੜ ਉਸ ਧਾਰਾ ਨੂੰ ਲਗਾ ਦਿੱਤਾ ਅਤੇ ਐਸਐਚਓ ਲਾਂਬੜਾ ਨੇ ਇਸ ਮਾਮਲੇ ਵਿੱਚ ਨਾਮਜ਼ਦ ਐਂਜਲ ਨਾਂ ਦੇ ਨੌਜਵਾਨ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਭੇਜ ਦਿੱਤਾ, ਜਿਹੜਾ ਅਜੇ ਤੱਕ ਜੇਲ੍ਹ ਵਿੱਚ ਹੀ ਹੈ। ਉਸਨੂੰ ਜੇਲ੍ਹ ਭੇਜਣ ਤੋਂ ਬਾਅਦ ਜਲੰਧਰ ਦਿਹਾਤੀ ਪੁਲਿਸ ਵੱਲੋਂ ਲਗਾਤਾਰ ਪਿੰਡ ਦੇ ਸਰਪੰਚ ਤੇ ਗੁਰੂ ਘਰ ਦੇ ਪ੍ਰਧਾਨ ਧਰਮਪਾਲ 'ਤੇ ਲਗਾਤਾਰ ਦਬਾਅ ਬਣਾਇਆ ਜਾ ਰਿਹਾ ਹੈ ਕਿ ਉਹ ਪ੍ਰਧਾਨਗੀ ਛੱਡ ਦੇਣ, ਨਹੀਂ ਤਾਂ ਉਨ੍ਹਾਂ ਨੂੰ ਵੀ ਇਸੇ ਤਰ੍ਹਾਂ ਹੀ ਜੇਲ੍ਹ ਭੇਜਿਆ ਜਾਵੇਗਾ। ਇਸ ਤਰ੍ਹਾਂ ਪੁਲਿਸ ਵੱਲੋਂ ਲਗਾਤਾਰ ਧੱਕੇਸ਼ਾਹੀ ਕੀਤੀ ਜਾ ਰਹੀ ਹੈ। ਦੂਜੀ ਧਿਰ ਵਲੋਂ ਧਰਮਪਾਲ ਦੇ ਘਰ ਆ ਕੇ 22 ਮਈ ਨੂੰ ਹਮਲਾ ਵੀ ਕੀਤਾ ਗਿਆ ਸੀ ਤੇ ਇਸ ਸੰਬੰਧ ਵਿੱਚ 23 ਮਈ ਨੂੰ ਧਰਮਪਾਲ ਦੀ ਪਤਨੀ ਬਲਜੀਤ ਕੌਰ ਵੱਲੋਂ ਦਰਖਾਸਤ ਵੀ ਥਾਣਾ ਲਾਂਬੜਾ ਪੁਲਿਸ ਨੂੰ ਦਿੱਤੀ ਗਈ ਸੀ, ਪਰ ਪੁਲਿਸ ਨੇ ਕੋਈ ਨੋਟਿਸ ਨਹੀਂ ਲਿਆ।

ਉਲਟਾ ਸਰਪੰਚ, ਧਰਮਪਾਲ ਤੇ ਉਨ੍ਹਾਂ ਦੇ ਸਾਥੀਆਂ ਨੂੰ ਹੀ ਦਬਾਉਣ ਵਿਚ ਲੱਗੀ ਹੋਈ ਹੈ, ਕਿਉਂਕਿ ਇਹ ਸੱਤਾਧਾਰੀ ਧਿਰ ਆਪ ਨਾਲ ਸੰਬਧਿਤ ਨਹੀਂ ਹਨ। ਇਸ ਮਾਮਲੇ ਵਿੱਚ ਥਾਣਾ ਲਾਂਬੜਾ ਮੁਖੀ ਬਲਬੀਰ ਸਿੰਘ ਵੱਲੋਂ ਲਗਾਤਾਰ ਇੱਕਤਰਫਾ ਚੱਲ ਕੇ ਧੱਕੇਸ਼ਾਹੀ ਕੀਤੀ ਜਾ ਰਹੀ ਹੈ।

ਐਡਵੋਕੇਟ ਬਲਵਿੰਦਰ ਕੁਮਾਰ ਨੇ ਕਿਹਾ ਕਿ ਉਹ ਮੀਡੀਆ ਰਾਹੀਂ ਡੀਜੀਪੀ ਪੰਜਾਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਨ ਕਿ ਇਸ ਮਾਮਲੇ ਵਿੱਚ ਇਨਸਾਫ਼ ਕੀਤਾ ਜਾਵੇ ਤੇ ਚੋਰੀ ਦਾ ਝੂਠਾ ਪਰਚਾ ਰੱਦ ਕੀਤਾ ਜਾਵੇ। ਇਸ ਮੌਕੇ ਗੁਰੂ ਘਰ ਦੇ ਪ੍ਰਧਾਨ ਧਰਮਪਾਲ, ਸਰਪੰਚ ਮਨਦੀਪ ਕੁਮਾਰ ਤੇ ਹੋਰਾਂ ਨੇ ਕਿਹਾ ਕਿ ਉਹ ਬਿਲਕੁਲ ਬੇਗੁਨਾਹ ਹਨ। ਉਨ੍ਹਾਂ ਕੋਈ ਵੀ ਚੋਰੀ ਨਹੀਂ ਕੀਤੀ। ਫੇਰ ਵੀ ਜੇਕਰ ਸਰਕਾਰ ਤੇ ਪ੍ਰਸ਼ਾਸਨ ਉਨ੍ਹਾਂ ਨੂੰ ਚੋਰੀ ਦੇ ਮਾਮਲੇ ਵਿੱਚ ਧੱਕੇ ਨਾਲ ਜੇਲ੍ਹ ਭੇਜਣਾ ਚਾਹੁੰਦਾ ਹੈ ਤਾਂ ਉਹ ਉਸ ਲਈ ਵੀ ਤਿਆਰ ਹਨ, ਪਰ ਉਹ ਬੇਗੁਨਾਹ ਹਨ। ਇਸ ਮੌਕੇ ਸਾਬਕਾ ਚੇਅਰਮੈਨ ਬਲਾਕ ਸੰਮਤੀ ਜਸਵੰਤ ਸਿੰਘ ਪੱਪੂ ਗਾਖਲ ਨੇ ਕਿਹਾ ਕਿ ਉਹ ਪੀੜਤਾਂ ਦੇ ਨਾਲ ਖੜ੍ਹੇ ਹਨ ਤੇ ਜੇਕਰ ਪੁਲਿਸ ਝੂਠੇ ਪਰਚੇ ਵਿੱਚ ਸਰਪੰਚ ਤੇ ਉਸਦੇ ਸਾਥੀਆਂ ਨੂੰ ਜੇਲ੍ਹ ਭੇਜੇਗੀ ਤਾਂ ਇਲਾਕੇ ਦੇ ਲੋਕ ਵੀ ਉਨ੍ਹਾਂ ਨਾਲ ਜੇਲ੍ਹ ਵਿੱਚ ਜਾਣਗੇ।

ਪ੍ਰੈੱਸ ਕਾਨਫਰੰਸ ਦੌਰਾਨ ਬਸਪਾ ਆਗੂ ਐਡਵੋਕੇਟ ਬਲਵਿੰਦਰ ਕੁਮਾਰ ਨੇ ਕਿਹਾ ਕਿ ਇਸੇ ਤਰ੍ਹਾਂ ਗੱਦੋਵਾਲੀ ਦੇ ਮਾਮਲੇ ਵਿੱਚ ਲਾਂਬੜਾ ਪੁਲਿਸ ਵੱਲੋਂ ਐਫਆਈਆਰ 17/25 ਦਰਜ ਕੀਤੀ ਗਈ, ਜਿਸ ਵਿੱਚ ਧਾਰਾ 452 ਨਜਾਇਜ਼ ਲਗਾਈ ਗਈ ਹੈ।

ਇਸ ਮੌਕੇ ਬਸਪਾ ਆਗੂ ਗੁਰਮੇਲ ਚੁੰਬਰ, ਜ਼ਿਲ੍ਹਾ ਪ੍ਰਧਾਨ ਸਲਵਿੰਦਰ ਕੁਮਾਰ, ਕਮਲ ਬਾਦਸ਼ਾਹਪੁਰ ਆਦਿ ਵੀ ਹਾਜ਼ਰ ਸਨ।

# ਪੰਜਾਬ ਤੇ ਹਰਿਆਣਾ ਦੇ ਭੱਠਿਆਂ ’ਚ ਪਰਾਲੀ ਆਧਾਰਤ ਬਾਲਣ ਦੀ ਵਰਤੋਂ ਹੋਵੇਗੀ ਲਾਜ਼ਮੀ

**ਨਵੀਂ ਦਿੱਲੀ :** ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ (ਸੀ.ਏ.ਕਿਊ.ਐਮ.) ਨੇ ਮੰਗਲਵਾਰ ਨੂੰ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਹੁਕਮ ਦਿਤੇ ਹਨ ਕਿ ਗੈਰ-ਐਨ.ਸੀ.ਆਰ. (ਕੌਮੀ ਰਾਜਧਾਨੀ ਖੇਤਰ) ਦੇ ਜ਼ਿਲ੍ਹਿਆਂ ’ਚ ਇੱਟਾਂ ਦੇ ਭੱਠਿਆਂ ਲਈ ਝੋਨੇ ਦੀ ਪਰਾਲੀ ਆਧਾਰਤ ਬਾਇਓਮਾਸ ਦੀ ਵਰਤੋਂ ਲਾਜ਼ਮੀ ਕੀਤੀ ਜਾਵੇ। ਇਸ ਉਪਾਅ ਦਾ ਉਦੇਸ਼ ਪਰਾਲੀ ਸਾੜਨ ਕਾਰਨ ਹਵਾ ਪ੍ਰਦੂਸ਼ਣ ਦੀ ਸਮੱਸਿਆ ਨਾਲ ਨਜਿੱਠਣਾ ਹੈ, ਜੋ ਹਰ ਸਰਦੀਆਂ ਦੇ ਮੌਸਮ ’ਚ ਦਿੱਲੀ-ਐਨ.ਸੀ.ਆਰ. ਖੇਤਰ ’ਚ ਹਵਾ ਪ੍ਰਦੂਸ਼ਣ ’ਚ ਇਕ ਵੱਡਾ ਯੋਗਦਾਨ ਪਾਉਂਦੀ ਹੈ।

ਇਕ ਅਧਿਕਾਰਤ ਹੁਕਮ ਵਿਚ ਸੀ.ਏ.ਕਿਊ.ਐਮ. ਨੇ ਕਿਹਾ ਕਿ ਝੋਨੇ ਦੀ ਰਹਿੰਦ-ਖੂੰਹਦ ਤੋਂ ਬਣੇ ਬਾਇਓਮਾਸ ਦੀਆਂ ਗੋਲੀਆਂ ਦੀ ਵਰਤੋਂ ਕੋਲੇ ਦਾ ਸਾਫ ਅਤੇ ਵਿਹਾਰਕ ਬਦਲ ਹੈ, ਜੋ ਆਮ ਤੌਰ ’ਤੇ ਇੱਟਾਂ ਦੇ ਭੱਠਿਆਂ ਵਿਚ ਵਰਤਿਆ ਜਾਂਦਾ ਹੈ। ਸੀ.ਏ.ਕਿਊ.ਐਮ. ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਦੇ ਗੈਰ-ਐਨ.ਸੀ.ਆਰ. ਜ਼ਿਲ੍ਹਿਆਂ ’ਚ ਇੱਟਾਂ ਦੇ ਭੱਠਿਆਂ ਨੂੰ 1 ਨਵੰਬਰ ਤੋਂ ਪੜਾਅਵਾਰ ਤਰੀਕੇ ਨਾਲ ਝੋਨੇ ਦੀ ਪਰਾਲੀ ਅਧਾਰਤ ਬਾਇਓਮਾਸ ਦੀਆਂ ਗੋਲੀਆਂ ਜਾਂ ਟਿੱਕੀਆਂ ਦਾ ਸਹਿ-ਬਾਲਣ ਸ਼ੁਰੂ ਕਰਨਾ ਚਾਹੀਦਾ ਹੈ। ਹੁਕਮ ’ਚ ਨਿਰਧਾਰਤ ਸਮਾਂ ਸੀਮਾ ਅਨੁਸਾਰ, ਇੱਟਾਂ ਦੇ ਭੱਠਿਆਂ ਨੂੰ ਅਪਣੇ ਬਾਲਣ ਮਿਸ਼ਰਣ ’ਚ ਘੱਟੋ-ਘੱਟ 20 ਫ਼ੀ ਸਦੀ ਝੋਨੇ ਦੀ ਪਰਾਲੀ ਅਧਾਰਤ ਗੋਲੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਇਹ 1 ਨਵੰਬਰ, 2026 ਤੋਂ ਵਧ ਕੇ 30 ਫ਼ੀ ਸਦੀ ਹੋਣਾ ਚਾਹੀਦਾ ਹੈ; 1 ਨਵੰਬਰ, 2027 ਤੋਂ 40 ਫ਼ੀ ਸਦੀ ; ਅਤੇ 1 ਨਵੰਬਰ, 2028 ਤੋਂ 50 ਫ਼ੀ ਸਦੀ।

ਇਸ ਹੁਕਮ ’ਚ ਸਾਰੇ ਭੱਠਿਆਂ ਲਈ ਜਾਰੀ ਕੀਤਾ ਗਿਆ ਹੈ, ਜਿਸ ’ਚ ਟੇਢੀ-ਮੇਢੀ ਅੱਗ ਤਕਨਾਲੋਜੀ ਦੀ ਵਰਤੋਂ ਕਰਨ ਵਾਲੇ ਭੱਠੇ ਵੀ ਸ਼ਾਮਲ



ਹਨ। ਸੂਬਾ ਸਰਕਾਰਾਂ ਨੂੰ ਨਵੰਬਰ 2025 ਤੋਂ ਸੀ.ਏ.ਕਿਊ.ਐਮ. ਨੂੰ ਮਹੀਨਾਵਾਰ ਪ੍ਰਗਤੀ ਰੀਪੋਰਟ ਸੌਂਪਣ ਲਈ ਵੀ ਕਿਹਾ ਗਿਆ ਹੈ ਤਾਂ ਜੋ ਇਸ ਦੇ ਹੁਕਮ ਨੂੰ ਲਾਗੂ ਕਰਨ ਦੀ ਉਚਿਤ ਨਿਗਰਾਨੀ ਨੂੰ ਯਕੀਨੀ ਬਣਾਇਆ ਜਾ ਸਕੇ। ਕਮਿਸ਼ਨ ਨੇ ਪਹਿਲਾਂ ਐਨ.ਸੀ.ਆਰ. ’ਚ ਸਥਿਤ ਇੱਟਾਂ ਦੇ ਭੱਠਿਆਂ ’ਚ ਸਵੱਛ ਬਾਲਣ ਦੀ ਵਰਤੋਂ ਲਈ ਹੁਕਮ ਜਾਰੀ ਕੀਤੇ ਸਨ। ਹਾਲਾਂਕਿ, ਇਹ ਪਹਿਲੀ ਵਾਰ ਹੈ ਜਦੋਂ ਇਸ ਤਰ੍ਹਾਂ ਦੇ ਹੁਕਮ ਨੂੰ ਪੰਜਾਬ ਅਤੇ ਹਰਿਆਣਾ ’ਚ ਐਨ.ਸੀ.ਆਰ. ਤੋਂ ਬਾਹਰ ਦੇ ਜ਼ਿਲ੍ਹਿਆਂ ’ਚ ਲਾਗੂ ਕੀਤਾ ਜਾ ਰਿਹਾ ਹੈ। ਅਧਿਕਾਰਤ ਅਨੁਮਾਨਾਂ ਅਨੁਸਾਰ, ਐਨ.ਸੀ.ਆਰ. ’ਚ 3,000 ਤੋਂ ਵੱਧ ਇੱਟਾਂ ਦੇ ਭੱਠੇ ਕੰਮ ਕਰਦੇ ਹਨ, ਜਿਨ੍ਹਾਂ ’ਚੋਂ ਜ਼ਿਆਦਾਤਰ ਅਜੇ ਵੀ ਕੋਲੇ ਨੂੰ ਮੁੱਖ ਬਾਲਣ ਵਜੋਂ ਵਰਤਦੇ ਹਨ।

# ਤੰਦਰੁਸਤ ਸਮਾਜ ਦੀ ਲੋੜ?

**ਜਿਸ** ਤਰਾਂ ਸਾਨੂੰ ਜਿਉਣ ਲਈ ਕੁੱਲੀ, ਗੁੱਲੀ ਅਤੇ ਜੁੱਲੀ ਦੀ ਲੋੜ ਹੁੰਦੀ ਹੈ ਉਸੇ ਤਰਾਂ ਹੀ ਤੰਦਰੁਸਤ ਸਮਾਜ ਦੀ ਵੀ ਬਹੁਤ ਜ਼ਰੂਰਤ ਹੁੰਦੀ ਹੈ ਪਰ ਇਨ੍ਹਾਂ ਦਿਨਾਂ ਵਿੱਚ ਦੇਖਿਆ ਜਾਵੇ ਤਾਂ ਤੰਦਰੁਸਤੀ ਸਮਾਜ ਵਿੱਚੋਂ ਗਾਇਬ ਹੁੰਦੀ ਜਾ ਰਹੀ ਹੈ ਅਤੇ ਭੱਜ ਨੱਠ ਵੱਧ ਪਈ ਹੋਈ ਹੈ ।
ਨਿਊਜ਼ੀਲੈਂਡ ਵਿੱਚ ਕੰਮ ਕਰਨ ਵਾਲੇ ਆਸਟ੍ਰੇਲੀਆ ਨੂੰ ਜਾ ਰਹੇ ਹਨ । ਉਹ ਕਹਿੰਦੇ ਹਨ ਕਿ ਉਥੇ ਤਨਖਾਹ ਵੱਧ ਹੈ ਅਤੇ ਖਰਚਾ ਘੱਟ ।
ਨਿਊਜ਼ੀਲੈਂਡ ਵਿੱਚ ਕਾਫੀ ਬਿਜ਼ਨਸ ਬੰਦ ਹੋ ਰਹੇ ਹਨ ।ਉਹ ਕਹਿ ਰਹੇ ਹਨ ਕਿ ਖਰਚੇ ਬਹੁਤ ਵਧ ਗਏ ਹਨ, ਸਾਨੂੰ ਬਿਜ਼ਨਸ ਕਰਨਾ ਵਾਰਾ ਨਹੀਂ ਖਾਂਦਾ ।
ਜਿਹੜੇ ਲੋਕ ਸਰਕਾਰੀ ਭੱਤੇ ਤੇ ਬੈਠੇ ਹਨ ਉਹ ਕਹਿੰਦੇ ਹਨ ਕਿ ਅਸੀਂ ਨਿਊਜ਼ੀਲੈਂਡ ਹੀ ਰਹਿਣਾ ਹੈ ਕਿਉਂਕਿ ਇਥੇ ਵਿਹਲਿਆਂ ਨੂੰ ਪੈਸੇ ਮਿਲਦੇ ਹਨ ਲ ਸਵਾਲ ਇਹ ਹੈ ਕਿ ਉਹ ਪੈਸੇ ਆਉਣਗੇ ਕਿੱਥੋਂ?
ਨਿਊਜ਼ੀਲੈਂਡ ਵਿੱਚ ਬਜ਼ੁਰਗਾਂ ਦੀ ਗਿਣਤੀ ਬਹੁਤ ਜਿਆਦਾ ਹੈ ਜੋ ਅਜੇ ਵੀ ਵਧ ਰਹੀ ਹੈ ਲ ਉਹ ਸਭ ਪੈਨਸ਼ਨ ਤੇ ਜਾ ਰਹੇ ਹਨ ਲ ਉਹ ਪੈਸਾ ਕਿੱਥੋਂ ਆਵੇਗਾ?
ਲੋਕ ਨਸ਼ੇ ਦੇ ਆਦੀ ਹੋ ਰਹੇ ਹਨ ਅਤੇ ਫਿਰ ਲੁੱਟਾਂ ਖੋਹਾਂ ਵੱਲ ਵਧ ਰਹੇ ਹਨ ਲ ਲੁੱਟ ਖੋਹ ਵੀ ਉਨ੍ਹਾਂ ਦੀ ਹੋ ਰਹੀ ਹੈ ਜਿਹੜੇ ਦਿਹਾੜੀਆਂ ਕਰਦੇ ਹਨ ਅਤੇ ਘਰ ਆਉਂਦਿਆਂ ਪਤਾ ਲਗਦਾ ਹੈ ਕਿ ਚੋਰਾਂ ਨੇ ਘਰ ਖਾਲੀ ਕਰ ਦਿੱਤਾ ਹੈ । ਕਈ ਇਲਾਕਿਆਂ ਵਿੱਚ ਤਾਂ ਘਰਾਂ ਦੇ ਬਾਹਰੋਂ ਚੋਰ ਜੁੱਤੀਆਂ ਵੀ ਚੁੱਕ ਲਿਜਾਂਦੇ ਹਨ ਲ ਸੋਚਣ ਦੀ ਲੋੜ ਹੈ ਕਿ ਜਿਹੜੇ ਲੋਕਾਂ ਨੂੰ ਜੁੱਤੀਆਂ ਦੀ ਘਾਟ ਮਹਿਸੂਸ ਹੋਣ ਲੱਗ ਪਵੇ ਤਾਂ ਉਨ੍ਹਾਂ ਦਾ ਗੁਜ਼ਾਰਾ ਕਿਵੇਂ ਹੋਵੇਗਾ?
ਸੋਨੇ ਦੀਆਂ ਦੁਕਾਨਾਂ, ਠੇਕੇ, ਡੇਅਰੀ ਸ਼ੌਪਾਂ ਅਤੇ ਹੋਰ ਬਿਜ਼ਨਸਾਂ ਉੱਪਰ ਹਥਿਆਰਾਂ ਨਾਲ ਲੁੱਟ ਹੁੰਦੀ ਹੈ ਜਿਸ ਵਿੱਚ ਕਾਮੇ ਅਤੇ ਮਾਲਕ ਜ਼ਖਮੀ ਹੋ ਜਾਂਦੇ ਹਨ ਜਿਸ ਕਾਰਣ ਬੀਮਾ ਕੰਪਨੀਆਂ ਕਿਸ਼ਤਾਂ ਵਧਾ ਦਿੰਦੀਆਂ ਹਨ ਲ ਨਤੀਜਾ ਇਹ ਹੁੰਦਾ ਹੈ ਕਿ ਕਾਰੋਬਾਰ ਬੰਦ ਹੋਣ ਦੇ ਕਿਨਾਰੇ ਹੋ ਜਾਂਦੇ ਹਨ ।
ਪ੍ਰਾਈਵੇਟ ਕੰਪਨੀਆਂ ਉੱਪਰ ਸਬੰਧਤ ਮਹਿਕਮੇ ਦਬਾਅ ਪਾਉਂਦੇ ਹਨ ਕਿ ਕਾਮਿਆਂ ਨੂੰ ਕੰਮ ਕਰਨ ਲਈ ਸੁਰੱਖਿਅਤ ਮਹੌਲ ਦੇਣ ਦੀ ਲੋੜ ਹੈ ਤਾਂ ਕਿ ਕਾਮਿਆਂ ਦੇ ਕੋਈ ਸੱਟ ਚੋਟ ਨਾ ਲੱਗੇ ਲ ਇਸ ਵਾਸਤੇ ਕੰਪਨੀਆਂ ਵਲੋਂ ਕਾਮਿਆਂ ਨੂੰ ਸਿਖਲਾਈ ਵੀ ਦਿੱਤੀ ਜਾਂਦੀ ਹੈ । ਮੈਂ ਇਸ ਗੱਲ ਨਾਲ ਬਿਲਕੁਲ ਸਹਿਮਤ ਹਾਂ ਕਿ ਕਾਮਿਆਂ ਨੂੰ ਕੰਮ ਉੱਪਰ ਸੁਰੱਖਿਆ ਦੇਣੀ ਬਹੁਤ ਜ਼ਰੂਰੀ ਹੈ ਲ ਕੀ ਇਸ ਦੇ ਨਾਲ ਸਰਕਾਰ ਦੀ ਜ਼ਿੰਮੇਵਾਰੀ ਨਹੀਂ ਬਣਦੀ ਕਿ ਕਾਰੋਬਾਰਾਂ ਨੂੰ ਕਾਰੋਬਾਰ ਕਰਨ ਲਈ ਸੁਰੱਖਿਅਤ ਮਹੌਲ ਦਿੱਤਾ ਜਾਵੇ? ਸਰਕਾਰ ਵਲੋਂ ਕਾਰੋਬਾਰਾਂ ਤੋਂ ਟੈਕਸ ਵਸੂਲਿਆ ਜਾਂਦਾ ਹੈ ਪਰ ਸੁਰੱਖਿਅਤ ਮਹੌਲ ਨਹੀਂ ਦਿੱਤਾ ਜਾਂਦਾ ।
ਜੇਲ੍ਹਾਂ ਵਿੱਚ ਫਾਈਵ ਸਟਾਰ ਹੋਟਲਾਂ ਵਾਂਗ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਅਤੇ ਕੈਦੀਆਂ ਦੇ ਹੱਕਾਂ ਦਾ ਬਹੁਤ ਧਿਆਨ ਰੱਖਿਆ ਜਾਂਦਾ ਹੈ ।
ਜਿਹੜੇ ਮਿਹਨਤੀ ਲੋਕਾਂ ਦੇ ਹੱਕ ਕੁਚਲੇ ਜਾਂਦੇ ਹਨ ਉਨ੍ਹਾਂ ਬਾਰੇ ਬਹੁਤਾ ਧਿਆਨ ਹੀ ਨਹੀਂ ਦਿੱਤਾ ਜਾਂਦਾ ।
ਲੋਕਾਂ ਨੂੰ ਘਰਾਂ ਦੇ ਕਿਰਾਏ ਅਤੇ ਕਿਸ਼ਤਾਂ ਬਹੁਤ ਜਿਆਦਾ ਲੱਗ ਰਹੇ ਹਨ ਕਿਉਂਕਿ ਖਰਚੇ ਦੇ ਹਿਸਾਬ ਨਾਲ ਉਨ੍ਹਾਂ ਦੀ ਆਮਦਨ ਘੱਟ ਹੈ । ਨਤੀਜੇ ਵਜੋਂ ਇੱਕੋ ਘਰ ਵਿੱਚ ਜਿਆਦਾ ਗਿਣਤੀ ਲੋਕ ਰਹਿਣਾ ਸ਼ੁਰੂ ਕਰ ਦਿੰਦੇ ਹਨ । ਫਿਰ ਸਰਕਾਰੀ ਮਹਿਕਮੇ ਆ ਜਾਂਦੇ ਹਨ ਕਿ ਤੁਸੀਂ ਘਰ ਵਿੱਚ ਜਿਆਦਾ ਲੋਕ ਕਿਉਂ ਰੱਖੇ ਹਨ? ਸਵਾਲ ਪੈਦਾ ਹੁੰਦਾ ਹੈ ਕਿ ਜੇ ਘਰ ਵਿੱਚ ਰਹਿਣ ਵਾਲੇ ਜਿਆਦਾ ਹੋਣ ਕਾਰਣ ਘਰ ਵਿੱਚੋਂ ਕੱਢ ਦਿੱਤੇ ਜਾਣ ਤਾਂ ਕੀ ਉਹ ਸੜਕ ਤੇ ਸੌਣਗੇ?
ਜੋ ਵਰਕ ਪਰਮਿਟ ਤੇ ਆਏ ਹੋਏ ਹਨ ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਵਰਕ ਪਰਮਿਟ ਵਧਾਉਣ ਵਿੱਚ ਤੰਗੀ ਆ ਰਹੀ ਹੈ । ਉਹ ਇੰਡੀਆ ਵਿੱਚੋਂ ਵੀ ਕਰਜ਼ਾ ਚੁੱਕ ਕੇ ਆਏ ਹੋਏ ਹਨ ਅਤੇ ਉਨ੍ਹਾਂ ਦੇ ਬੱਚੇ ਸਕੂਲ ਛੱਡ ਕੇ ਆਏ ਹੋਏ ਹਨ । ਹੁਣ ਇਮੀਗ੍ਰੇਸ਼ਨ ਕਹਿ ਰਹੀ ਹੈ ਕਿ ਤੁਸੀਂ ਅੰਗਰੇਜ਼ੀ ਸਿੱਖੋ । ਉਹ ਵਿਚਾਰੇ ਅੰਗਰੇਜ਼ੀ ਸਿੱਖਣ ਜਾਂ ਕੰਮ ਕਰਨ? ਜੇ ਉਨ੍ਹਾਂ ਨੂੰ ਮੁਲਕ ਛੱਡਣਾ ਪਵੇ ਤਾਂ ਉਨ੍ਹਾਂ ਦਾ ਪੰਜਾਬ ਵਿੱਚ ਮੁੜ ਵਸਣਾ ਕਿੰਨਾ ਔਖਾ ਹੋਵੇਗਾ?
ਨਿਊਜ਼ੀਲੈਂਡ ਵਿੱਚ ਇਲਾਜ ਕਰਾਉਣ ਲਈ ਕਾਫੀ ਸਮਾਂ ਉਡੀਕ ਕਰਨੀ ਪੈਂਦੀ ਹੈ ਕਿਉਂਕਿ ਹੈਲਥ ਪ੍ਰਫੈਸ਼ਨਲਾਂ ਦੀ ਘਾਟ ਹੈ । ਬਹੁਤੇ ਹੈਲਥ ਪ੍ਰਫੈਸ਼ਨਲ ਨਿਊਜ਼ੀਲੈਂਡ ਆਉਣਾ ਹੀ ਨਹੀਂ ਚਾਹੁੰਦੇ ਕਿਉਂਕਿ ਰਿਹਾਇਸ਼ ਬਹੁਤ ਮਹਿੰਗੀ ਹੈ ਲ ਜਿਹੜੇ ਇੰਡੀਆ ਬੈਠੇ ਹਨ, ਉਹ ਅਜੇ ਵੀ ਪੁੱਛਦੇ ਹਨ ਕਿ ਕੋਈ ਤਰੀਕਾ ਦੱਸੋ ਇਥੋਂ ਕਿਸੇ ਤਰਾਂ ਨਿਊਜ਼ੀਲੈਂਡ ਆ ਜਾਈਏ ਲ ਜੇ ਨਿਊਜ਼ੀਲੈਂਡ ਨਹੀਂ ਤਾਂ ਕਿਸੇ ਹੋਰ ਮੁਲਕ ਚਲੇ ਜਾਈਏ ਲ
ਇਸ ਸਭ ਦੇ ਹੁੰਦਿਆਂ ਲੋਕ ਮਾਨਸਿਕ ਰੋਗਾਂ ਦੇ ਸ਼ਿਕਾਰ ਹੋ ਰਹੇ ਹਨ, ਮਾਨਸਿਕ ਰੋਗਾਂ ਦਾ ਸਹੀ ਇਲਾਜ ਨਾ ਹੋਣ ਕਾਰਣ ਲੋਕ ਡਿਪ੍ਰੈਸ਼ਨ ਵਿੱਚ ਜਾ ਰਹੇ ਹਨ ਲ ਸਰਕਾਰਾਂ ਵਲੋਂ ਮਾਨਸਿਕ ਰੋਗੀਆਂ ਨੂੰ ਸਾਂਭਣ ਦੇ ਯਤਨ ਕੀਤੇ ਜਾ ਰਹੇ ਹਨ ਪਰ ਮਾਨਸਿਕ ਰੋਗਾਂ ਨੂੰ ਰੋਕਣ ਦੇ ਯਤਨ ਬਹੁਤ ਘੱਟ ਹੋ ਰਹੇ ਹਨ ਜਿਸ ਕਾਰਣ ਮਾਨਸਿਕ ਰੋਗੀ ਦੁਨੀਆਂ ਪੱਧਰ ਤੇ ਵਧ ਰਹੇ ਹਨ ।
ਭਾਰਤੀ ਸਮਾਜ ਵਿੱਚ ਮਾਨਸਿਕ ਰੋਗੀਆਂ ਨੂੰ ਰੋਗੀ ਹੀ ਨਹੀਂ ਮੰਨਿਆ ਜਾਂਦਾ ਅਤੇ ਜੇ ਮੰਨ ਵੀ ਲਿਆ ਜਾਵੇ ਤਾਂ ਇਲਾਜ ਲਈ ਸਾਧਾਂ ਸੰਤਾਂ ਕੋਲ ਲਿਜਾਇਆ ਜਾਂਦਾ ਹੈ ਜੋ ਵੱਡੀ ਗਿਣਤੀ ਵਿੱਚ ਖੁਦ ਵੀ ਮਾਨਸਿਕ ਰੋਗੀ ਹੀ ਹੁੰਦੇ ਹਨ । ਹੁਣ ਸੋਚੋ ਕਿ ਇੱਕ ਮਾਨਸਿਕ ਰੋਗੀ ਦੂਜੇ ਮਾਨਸਿਕ ਰੋਗੀ ਦਾ ਇਲਾਜ ਕਿਵੇਂ ਕਰੇਗਾ?
ਭਾਰਤੀ ਕਲਚਰ ਵਿੱਚ ਮਾਨਸਿਕ ਰੋਗੀਆਂ ਨੂੰ ਕਿਹਾ ਜਾਂਦਾ ਹੈ ਕਿ ਰੱਬ ਦਾ ਨਾਮ ਲਿਆ ਕਰ ਸਭ ਕੁੱਝ ਠੀਕ ਹੋ ਜਾਵੇਗਾ । ਰੱਬ ਦਾ ਨਾਮ ਮਾਨਸਿਕ ਰੋਗ ਕਿਵੇਂ ਠੀਕ ਕਰੇਗਾ? ਬਹੁਤੀਆਂ ਹਾਲਤਾਂ ਵਿੱਚ ਮਰੀਜ਼ ਰੱਬ ਦਾ ਨਾਮ ਲੈਂਦਿਆਂ ਲੈਂਦਿਆਂ ਹੀ ਤਾਂ ਮਾਨਸਿਕ ਰੋਗੀ ਹੋਇਆ ਹੁੰਦਾ ਹੈ । ਜਦੋਂ ਇਲਾਜ ਨਹੀਂ ਹੋ ਪਾਉਂਦਾ ਤਾਂ ਮਰੀਜ਼ ਆਤਮ ਹੱਤਿਆ ਕਰ ਜਾਂਦਾ ਹੈ ਅਤੇ ਫਿਰ ਪਰਿਵਾਰ ਨੂੰ ਕਿਹਾ ਜਾਂਦਾ ਹੈ ਕਿ ਉੱਪਰ ਵਾਲੇ ਦਾ ਭਾਣਾ ਮੰਨੋ । ਭਾਵ ਕਿ ਆਪਣੀਆਂ ਗਲਤੀਆਂ ਨਹੀਂ ਸੁਧਾਰਨੀਆਂ ਸਗੋਂ ਉਨ੍ਹਾਂ ਗਲਤੀਆਂ ਨੂੰ ਭਾਣਾ ਮੰਨੋ ਕਹਿ ਕੇ ਮਿੱਟੀ ਪਾਉਣੀ ਹੈ ਲ ਇਹ ਬਹੁਤ ਹੀ ਗੰਭੀਰਤਾ ਨਾਲ ਸੋਚਣ ਦਾ ਵਿਸ਼ਾ ਹੈ ।
ਬਹੁਤ ਵੱਡੀ ਗਿਣਤੀ ਵਿੱਚ ਲੋਕ ਨੀਂਦ ਨਾ ਆਉਣ ਦੀ ਸਮੱਸਿਆ ਨਾਲ ਜੂਝ ਰਹੇ ਹਨ ਜਾਂ ਨੀਂਦ ਦੀਆਂ ਗੋਲੀਆਂ ਖਾ ਕੇ ਸੌਂ ਰਹੇ ਹਨ ਲ ਬਹੁਤਿਆਂ ਨੂੰ ਨੀਂਦ ਇਸ ਕਰਕੇ ਨਹੀਂ ਆਉਂਦੀ ਕਿਉਂਕਿ ਉਨ੍ਹਾਂ ਨੇ ਦੂਜਿਆਂ ਨਾਲ ਠਗੀ ਕੀਤੀ ਹੁੰਦੀ ਹੈ । ਉਨ੍ਹਾਂ ਨੂੰ ਉਸ ਠਗੀ ਦਾ ਲੋਕਾਂ ਨੂੰ ਪਤਾ ਲੱਗਣ ਦਾ ਡਰ ਰਹਿੰਦਾ ਹੈ ਜਿਸ ਕਾਰਣ ਨੀਂਦ ਨਹੀਂ ਆਉਂਦੀ । ਨੀਂਦ ਨਾ ਆਉਣ ਨਾਲ ਹੋਰ ਵੱਖ ਵੱਖ ਸਮੱਸਿਆਵਾਂ ਪੈਦਾ ਹੁੰਦੀਆਂ ਹਨ ਜਿਨ੍ਹਾਂ ਦੀ ਸੂਚੀ ਬਹੁਤ ਲੰਬੀ ਹੈ ।
ਕਿਹਾ ਜਾ ਸਕਦਾ ਹੈ ਕਿ ਸਭ ਨੂੰ ਅੱਚੋਆਈ (ਭੱਜ ਦੌੜ) ਲੱਗੀ ਹੋਈ ਹੈ ਅਤੇ ਸਕੂਨ ਜ਼ਿੰਦਗੀ ਵਿੱਚੋਂ ਗੁਆਚਾ ਹੋਇਆ ਹੈ । ਜਿਨ੍ਹਾਂ ਕੋਲ ਸਭ ਕੁੱਝ ਹੈ ਉਨ੍ਹਾਂ ਦਾ ਸਕੂਨ ਬਾਕੀਆਂ ਨਾਲੋਂ ਵੀ ਵੱਧ ਗੁਆਚਾ ਹੋਇਆ ਹੈ । ਉਹ ਦੂਜਿਆਂ ਕੋਲੋਂ ਵੀ ਖੋਹ ਕੇ ਖਾਣ ਦਾ ਯਤਨ ਕਰਦੇ ਹਨ ।
ਸਮੇਂ ਦੀ ਲੋੜ ਹੈ ਕਿ ਸੋਚ ਵਿਚਾਰ ਕੀਤੀ ਜਾਵੇ, ਉਸਾਰੂ ਸਾਹਿਤ ਪੜ੍ਹਿਆ ਜਾਵੇ, ਉਸਾਰੂ ਸੋਚ ਵਾਲੇ ਵਿਅਕਤੀਆਂ ਨਾਲ ਵੱਧ ਤੋਂ ਵੱਧ ਸਮਾਂ ਬਿਤਾਇਆ ਜਾਵੇ, ਗੋਸ਼ਟੀਆਂ ਵਿੱਚ ਇਹ ਮਸਲੇ ਵਿਚਾਰੇ ਜਾਣ ਤਾਂ ਕਿ ਇੱਕ ਤੰਦਰੁਸਤ ਸਮਾਜ ਦੀ ਸਿਰਜਣਾ ਹੋ ਸਕੇ ।
–



**ਅਵਤਾਰ ਤਰਕਸ਼ੀਲ**
**ਨਿਊਜ਼ੀਲੈਂਡ**
**ਜੱਦੀ ਪਿੰਡ**
**ਖੁਰਦਪੁਰ (ਜਲੰਧਰ)**
**006421392147**

# ਜੰਗ ਦੀ ਬੱਦਲਵਾਈ.....?







ਜੰਗ ਦੇ ਬੱਦਲ ਛਾਏ ਰਹਿੰਦੇ, ਜਦੋਂ ਲੋਕਾਂ, ਕਬੀਲਿਆਂ,ਦੀ ਆਪਸ ਵਿੱਚ, ਹੋਵੇ ਲੜਾਈ। ਜੰਗ ਦੇ ਗੋਲੇ,ਗਰਮੈਸ ਛੱਡਦੇ, ਦੂਜੇ ਖੇਤਰਾਂ ਵਿੱਚ ਹੋ ਜਾਵੇ ਬੱਦਲਵਾਈ। ਕੁਦਰਤ ਨਾਲ ਛੇੜ-ਛਾੜ ਦਾ ਨਤੀਜਾ, ਸਭ ਨੂੰ ਮਹਿੰਗਾ ਪੈਂਦਾ ਭਾਈ। ਆਮ ਜਨਤਾ,ਬੇਬਸ ਰਹਿੰਦੀ, ਫਿਰਦੀ ਆਪਣੀ ਜਾਨ ਲੁਕਾਈਂ।ਪੁਰਾਣੇ ਸਮਿਆਂ ਵਿੱਚ, ਸਪੇਨ ਦੇ ਦੋ ਕਿਸ਼ਤੀ-ਚਾਲਕ,ਆਪਣੇ ਆਪਣੇ ਮਿਸ਼ਨ ਤੇ,ਧਰਤੀ ਖੋਜਣ ਚੱਲੇ।ਚਾਹ-ਮਸਾਲਾ ਪੂਰਬ ਦਾ, ਊਰਜਾ ਵਾਲਾ, ਪੀਕੇ ਹੁੰਦੀ ਸੀ, ਬੱਲੇ ਬੱਲੇ।
ਯੁੱਧ ਦੀ ਰਹਿੰਦੀ ਬੱਦਲਵਾਈ...............!
ਕੋਲੰਬਸ ਤੇ ਵਾਸਕੋਡੀਗਾਮਾ ਨਿਕਲੇ ਯਾਤਰਾ ਤੇ, ਭਾਰਤ ਨੂੰ ਲੱਭਣ ਲਈ। ਕੋਲੰਬਸ ਭਟਕਿਆ ਯਾਤਰਾ ਤੋਂ, ਪਹੁੰਚਿਆ ਅਮਰੀਕਾ ਦੱਖਣ-ਪੱਛਮ ਲਈ। ਉਸ ਵੇਲੇ ਭਾਰਤ ਦੇ ਗਰਮ-ਮਸਾਲੇ ਬੜੇ ਸੀ ਮਸ਼ਹੂਰ, ਪੱਛਮ ਵਿੱਚ ਬਲੈਕੀਏ ਵੇਚਦੇ ਸੀ ਬਹੁਤ ਮਹਿੰਗੇ। ਮੱਧ-ਏਸੀਆ ਮਾਰੂਥਲਾਂ ਦੇ ਲੋਕ, ਊਠਾਂ ਤੇ ਲੱਦ ਕੇ ਲੈ ਜਾਂਦੇ, ਟਿਕਾਣਾ ਦੱਸਣਾ ਨ੍ਹੀਂ ਸੀ ਚਾਹੁੰਦੇ। ਵਾਸਕੋਡੀਗਾਮਾ,ਦੱਖਣੀ ਅਫਰੀਕਾ,ਕੇਪ- ਟਾਊਨ, ਤੋਂ ਹੁੰਦਾ ਹੋਇਆ,ਪਹੁੰਚਿਆ ਕੋਚੀਨ। ਚਾਹ ਪੀਕੇ ਖੁਸ਼ੀ ਨਾਲ ਹੋਇਆ ਤਾਜ਼ਾ-ਤਰੀਨ।
ਯੁੱਧ ਦੀ ਰਹਿੰਦੀ ਬੱਦਲਵਾਈ.............!
ਮਸਾਲਿਆਂ ਦੀ ਇੱਕ ਖਾਸੀਅਤ ਹੁੰਦੀ, ਜੇ ਸਿੱਧੇ ਖਾਓ, ਤਾਂ ਗਰਮ ਨੇ ਹੁੰਦੇ। ਜੇ ਰਾਤ ਨੂੰ, ਪਾਣੀ ਵਿੱਚ ਭਿਓਂ ਕੇ,ਸਵੇਰੇ ਚਿੱਥ ਕੇ ਖਾਓ, ਠੰਡੇ ਨੇ ਹੁੰਦੇ। ਕੁਦਰਤ ਨਾਲ ਇੱਕ ਮਿੱਕ ਹੋ ਕੇ ਚੱਲੋ, ਸਭ ਪਾਸੇ ਰਹਿੰਦੀ ਸਮਾਈ। ਵਿਰੁੱਧ ਚੱਲੋਗੇ ਹੋਵੇਗੀ ਤਬਾਹੀ। ਕੁਦਰਤ ਦੇ ਕ੍ਰਿਸ਼ਮੇ ਬਹੁਤ ਨੇ, ਖੁੱਲੇ-ਗੱਫੇ ਵੰਡਦੀ, ਜੇ ਉਸ ਦੇ ਭਾਣੇ ਵਿੱਚ ਰਹੀਏ। ਕ੍ਰੋਧ ਮੋਹ ਹੰਕਾਰ ਲਾਲਚ ਵਿੱਚ ਪੈ ਕੇ, ਉਸ ਦੀਆਂ ਨਿਆਮਤਾਂ ਤੋਂ ਸੱਖਣੇ ਰਹੀਏ। ਕਿਤੇ ਹੜ ਆਉਂਦੇ ਤੇ ਕਿਤੇ ਸੋਕੇ ਪੈ ਜਾਂਦੇ।ਮਾੜੇ ਵਿਚਾਰ, ਮਨੁੱਖਾਂ ਦੇ, ਰਹਿਤਲ ਵੱਲ ਲੈ ਜਾਂਦੇ।



ਜੰਗਾਂ ਦੀ ਰਹਿੰਦੀ ਬੱਦਲਵਾਈ.............?

**ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ ਚੰਡੀਗੜ੍ਹ। ਫੋਨ ਨੰਬਰ : 9878469639**


ਸ਼ੀਲ
ਸਮਾਧੀ
ਪ੍ਰਗਿਆ
ਨਮੋ: ਬੁਧਾਏ
ਜੈ ਭੀਮ
DHAMMA WAVES
Bhikkhuni Sanghmitta
Topic: Rules of the Nature
कुदरत के असूल
Topic : एक मीडिया के रूप में महाबोधि महाविहार बोधगया पर वर्तमान अपडेट
Sunday
June.8th,2025
at 8 PM
Indian Time
सुरेश पासवान
Guest Speaker : Mr. Suresh Paswan
(Editor WLBS News)
SooD Bhaddi # 94176-88936

Samaj Weekly

# ਸਮਾਜ ਵੀਕਲੀ

Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484

email:-Samajweekly@gmail.com